# Punjab Government Gazette

## EXTRAORDINARY

*Published by Authority*

CHANDIGARH, FRIDAY, OCTOBER 9, 2026
(ASVINA 17, 1948 SAKA)

ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| **ਭਾਗ I** | **ਐਕਟ** | |
| | 1. ਪੰਜਾਬ ਭੋਂ ਸੁਧਾਰ ਸਕੀਮ ਐਕਟ, 1963 (1963 ਦਾ ਪੰਜਾਬ ਐਕਟ ਨੰ. 23) | ...1093-1106 |
| | 2. ਪੰਜਾਬ ਭੋਂ ਸੁਧਾਰ ਐਕਟ, 1972 (1973 ਦਾ ਪੰਜਾਬ ਐਕਟ ਨੰ. 10) | ...1107-1124 |
| **ਭਾਗ II** | **ਆਰਡੀਨੈਂਸ** | |
| | *ਕੋਈ ਨਹੀਂ* | |
| **ਭਾਗ III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| **ਭਾਗ IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ–1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 9 ਅਕਤੂਬਰ, 2026

**ਨੰ.72/ਭ:ਕ/2026.–** ਪੰਜਾਬ ਭੋਂ ਸੁਧਾਰ ਸਕੀਮ ਐਕਟ, 1963 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 9th October, 2026

**No.72/L.C./2026.-** The Translation in Punjabi of the Punjab Land Improvement Schemes Act, 1963 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

## ਪੰਜਾਬ ਭੋਂ ਸੁਧਾਰ ਸਕੀਮ ਐਕਟ, 1963

(1963 ਦਾ ਪੰਜਾਬ ਐਕਟ ਨੰ.23)

ਭੋਂ ਸੁਧਾਰ ਸਕੀਮਾਂ ਤਿਆਰ ਕਰਨ ਅਤੇ ਅਮਲ ਵਿੱਚ ਲਿਆਉਣ ਜਿਸ ਵਿੱਚ ਮਿੱਟੀ ਪਰਿ-ਰਖਣ, ਮਿੱਟੀ ਦੇ ਵਸੀਲਿਆਂ ਵਿੱਚ ਸੁਧਾਰ, ਮਿੱਟੀ ਕਾਟ ਦੀ ਰੋਕਥਾਮ ਜਾਂ ਹਲਕਾ ਕਰਨ, ਹੜ੍ਹਾਂ ਜਾਂ ਸੋਕੇ, ਖੇਤ ਜਲ ਨਿਕਾਸ ਕਾਰਨ ਹੋਣ ਵਾਲੇ ਨੁਕਸਾਨ ਤੋਂ ਭੋਂ ਦੀ ਸੁਰੱਖਿਆ, ਜਾਂ ਅਜਿਹੇ ਪ੍ਰਯੋਜਨਾਂ ਦੇ ਅਨੁਸੰਗਕ ਜਾਂ ਉਹਨਾਂ ਦੇ ਮੁਤੱਲਕ ਹੋਰ ਕਾਰਜਾਂ ਲਈ ਸਕੀਮਾਂ ਸ਼ਾਮਲ ਹਨ, ਦੇ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਚੌਂਦਵੇ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਅਧਿਆਇ।

ਪ੍ਰਾਰੰਭਕ

1. ਇਸ ਐਕਟ ਨੂੰ ਪੰਜਾਬ ਭੋਂ ਸੁਧਾਰ ਸਕੀਮ ਐਕਟ, 1963 ਕਿਹਾ ਜਾ ਸਕੇਗਾ। ਸੰਖੇਪ ਨਾਂ ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,- ਪਰਿਭਾਸ਼ਾਵਾਂ ।

(ੳ) "ਡਿਪਟੀ ਕਮਿਸ਼ਨਰ" ਦਾ ਮਤਲਬ ਹੈ ਤੱਤਸਮੇਂ ਲਈ ਕਿਸੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਗਿਆ ਅਧਿਕਾਰੀ, ਅਤੇ ਇਸ ਵਿੱਚ ਰਾਜ ਸਰਕਾਰ ਦੁਆਰਾ ਇਸ ਐਕਟ ਅਤੇ ਇਸ

ਅਧੀਨ ਬਣਾਏ ਗਏ ਨਿਯਮਾਂ ਅਧੀਨ ਡਿਪਟੀ ਕਮਿਸ਼ਨਰ ਦੇ ਕਾਜਕਾਰ ਨਿਭਾਉਣ ਲਈ ਅਧਿਸੂਚਨਾ ਦੁਆਰਾ ਅਧਿਕਾਰਤ ਕੋਈ ਵੀ ਹੋਰ ਅਧਿਕਾਰੀ ਸ਼ਾਮਲ ਹੈ;

(ਅ) "ਡਾਇਰੈਕਟਰ" ਦਾ ਮਤਲਬ ਹੈ ਤੱਤਸਮੇਂ ਲਈ ਖੇਤੀਬਾੜੀ ਡਾਇਰੈਕਟਰ ਵਜੋਂ ਨਿਯੁਕਤ ਕੀਤਾ ਗਿਆ ਅਧਿਕਾਰੀ, ਅਤੇ ਇਸ ਵਿੱਚ ਰਾਜ ਸਰਕਾਰ ਦੁਆਰਾ ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਡਾਇਰੈਕਟਰ ਦੇ ਕਾਜਕਾਰ ਨਿਭਾਉਣ ਲਈ ਅਧਿਸੂਚਨਾ ਦੁਆਰਾ ਅਧਿਕਾਰਤ ਕੋਈ ਵੀ ਹੋਰ ਅਧਿਕਾਰੀ ਸ਼ਾਮਲ ਹੈ;

(ੲ) "ਜ਼ਿਲ੍ਹਾ ਭੋਂ ਸੁਧਾਰ ਕਮੇਟੀ" ਦਾ ਮਤਲਬ ਹੈ ਧਾਰਾ 4 ਦੇ ਅਧੀਨ ਗਠਤ ਕੀਤੀ ਗਈ ਕਮੇਟੀ;

(ਸ) "ਖੋਰ" ਦਾ ਮਤਲਬ ਹੈ ਹਵਾ ਜਾਂ ਪਾਣੀ ਦੀ ਕਿਰਿਆ ਦੁਆਰਾ ਧਰਤੀ, ਪੱਥਰਾਂ ਜਾਂ ਹੋਰ ਸਮੱਗਰੀਆਂ ਦਾ ਹਟਾਇਆ ਜਾਣਾ ਜਾਂ ਵਿਸਥਾਪਨ;

(ਹ) "ਜਾਂਚ ਅਧਿਕਾਰੀ" ਦਾ ਮਤਲਬ ਹੈ ਜ਼ਿਲ੍ਹਾ ਭੋਂ ਸੁਧਾਰ ਕਮੇਟੀ ਦੁਆਰਾ ਧਾਰਾ 7 ਦੀ ਉਪ-ਧਾਰਾ (3) ਅਧੀਨ ਨਿਯੁਕਤ ਕੀਤਾ ਗਿਆ ਰਾਜ ਸਰਕਾਰ ਦਾ ਇੱਕ ਅਧਿਕਾਰੀ;

(ਕ) "ਭੋਂ-ਮਾਲਕ" ਦਾ ਉਹੀ ਮਤਲਬ ਹੈ ਜੋ ਪੰਜਾਬ ਭੋਂ ਮਾਲੀਆ ਐਕਟ, 1887 ਵਿੱਚ ਇਸਨੂੰ ਦਿੱਤਾ ਗਿਆ ਹੈ;

(ਖ) "ਅਧਿਸੂਚਿਤ ਖੇਤਰ" ਦਾ ਮਤਲਬ ਹੈ ਧਾਰਾ 3 ਅਧੀਨ ਅਧਿਸੂਚਿਤ ਖੇਤਰ ਵਜੋਂ ਘੋਸ਼ਿਤ ਕੀਤਾ ਗਿਆ ਕੋਈ ਖੇਤਰ;

(ਗ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਘ) ਭੋਂ ਦੇ ਸਬੰਧ ਵਿੱਚ "ਭੋਂ-ਸੁਧਾਰ" ਵਿੱਚ, ਭੋਂ ਨੂੰ ਕਾਸ਼ਤ ਲਈ ਯੋਗ ਬਣਾਉਣਾ ਜਾਂ ਭੋਂ ਦਾ ਕੋਈ ਹੋਰ ਸੁਧਾਰ ਕਰਨਾ ਸ਼ਾਮਲ ਹੈ;

(ਙ) "ਸਕੀਮ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਈ ਗਈ ਭੋਂ ਸੁਧਾਰ ਸਕੀਮ;

(ਚ) "ਮਿੱਟੀ ਪਰਿਰੱਖਣ" ਦਾ ਮਤਲਬ ਹੈ ਇੱਕ ਡਿਵੀਜ਼ਨਲ ਮਿੱਟੀ ਪਰਿਰੱਖਣ ਅਧਿਕਾਰੀ ਜਾਂ ਇੱਕ ਸਹਾਇਕ ਮਿੱਟੀ ਪਰਿਰੱਖਣ ਅਧਿਕਾਰੀ ਜੋ ਰਾਜ ਸਰਕਾਰ ਦੁਆਰਾ ਕਿਸੇ ਉਲਿਖਤ ਖੇਤਰ ਦੇ

ਬਾਰੇ ਵਿੱਚ ਇਸ ਐਕਟ ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਅਧੀਨ ਮਿੱਟੀ ਪਰਿਰੱਖਣ ਅਧਿਕਾਰੀ ਦੇ ਕਾਜਕਾਰ ਨਿਭਾਉਣ ਲਈ ਨਿਯੁਕਤ ਕੀਤਾ ਗਿਆ ਹੈ;

(ਛ) "ਬੰਜਰ ਭੋਂ" ਦਾ ਮਤਲਬ ਹੈ ਕੋਈ ਭੋਂ ਜੋ ਰੇਤ ਦੇ ਸੰਚਣ, ਨਦੀਨਾਂ ਦੇ ਉੱਗਣ, ਮਿੱਟੀ ਖੁਰਨ ਜਾਂ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਗਏ ਕਿਸੇ ਹੋਰ ਕਾਰਨ ਕਰਕੇ ਕਾਸ਼ਤ ਲਈ ਅਯੋਗ ਹੋ ਗਈ ਹੈ; ਅਤੇ

(ਜ) "ਕਾਰਜ" ਦਾ ਮਤਲਬ ਹੈ ਕਿਸੇ ਸਕੀਮ ਅਧੀਨ ਉਸਾਰਿਆ ਗਿਆ, ਖੜ੍ਹਾ ਕੀਤਾ ਜਾਂ ਸਿਰੇ ਚਾੜ੍ਹਿਆ ਗਿਆ ਲੋਕ ਉਪਯੋਗਤਾ ਦਾ ਕੋਈ ਵੀ ਕਾਰਜ।

## ਅਧਿਆਇ ॥

## ਖੇਤਰਾਂ ਦੀ ਅਧਿਸੂਚਨਾ, ਜ਼ਿਲ੍ਹਾ ਭੋਂ ਸੁਧਾਰ ਕਮੇਟੀਆਂ ਦਾ ਗਠਨ ਅਤੇ ਭੋਂ ਸੁਧਾਰ ਸਕੀਮਾਂ ਬਣਾਉਣਾ

ਖੇਤਰਾਂ ਦੀ ਅਧਿਸੂਚਨਾ।

3. ਜਦੋਂ ਵੀ ਰਾਜ ਸਰਕਾਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਕਿਸੇ ਜ਼ਿਲ੍ਹੇ ਦੇ ਸਾਰੇ ਜਾਂ ਉਸਦੇ ਕਿਸੇ ਭਾਗ ਵਿੱਚ ਕਿਸੇ ਖੇਤਰ ਵਿੱਚ ਭੋਂ ਸੁਧਾਰ ਸਕੀਮਾਂ ਬਣਾਉਣ ਅਤੇ ਅਮਲ ਵਿੱਚ ਲਿਆਉਣ, ਜਿਸ ਵਿੱਚ ਮਿੱਟੀ ਪਰਿਰੱਖਣ, ਮਿੱਟੀ ਵਸੀਲਿਆਂ ਵਿੱਚ ਸੁਧਾਰ, ਮਿੱਟੀ ਖੁਰਨ ਦੀ ਰੋਕਥਾਮ ਜਾਂ ਹਲਕਾ ਕਰਨ, ਹੜ੍ਹਾਂ ਜਾਂ ਸੋਕੇ ਦੁਆਰਾ ਨੁਕਸਾਨ ਤੋਂ ਭੋਂ ਦੀ ਸੁਰੱਖਿਆ, ਖੇਤ ਦੀ ਜਲ-ਨਿਕਾਸੀ ਜਾਂ ਹੋਰ ਕਾਰਜ ਸ਼ਾਮਲ ਹਨ ਜੋ ਅਜਿਹੇ ਪ੍ਰਯੋਜਨਾਂ ਨਾਲ ਅਨੁਸੰਗਕ ਹਨ ਜਾਂ ਸੰਬੰਧਤ ਹਨ, ਲਈ ਉਪਬੰਧ ਕਰਨਾ ਜ਼ਰੂਰੀ ਹੈ ਤਾਂ ਰਾਜ ਸਰਕਾਰ, ਅਧਿਸੂਚਨਾ ਦੁਆਰਾ ਅਜਿਹੇ ਖੇਤਰ ਨੂੰ ਇਸ ਐਕਟ ਦੇ ਪ੍ਰਯੋਜਨਾਂ ਲਈ ਇੱਕ ਅਧਿਸੂਚਤ ਖੇਤਰ ਐਲਾਨ ਕਰ ਸਕਦੀ ਹੈ।

ਜ਼ਿਲ੍ਹਾ ਭੋਂ ਸੁਧਾਰ ਕਮੇਟੀਆਂ ਦਾ ਗਠਨ ਆਦਿ।

4. (1) ਹਰੇਕ ਜ਼ਿਲ੍ਹੇ ਵਿੱਚ, ਜਿਸਦਾ ਸਾਰਾ ਜਾਂ ਅੰਸ਼ਕ ਭਾਗ ਇੱਕ ਅਧਿਸੂਚਿਤ ਖੇਤਰ ਐਲਾਨ ਕੀਤਾ ਗਿਆ ਹੈ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਜ਼ਰਾਇਤੀ ਅਧਿਕਾਰੀ, ਮਿੱਟੀ ਪਰਿਰੱਖਣ ਅਧਿਕਾਰੀ, ਡਿਵੀਜ਼ਨਲ ਵਣ ਅਧਿਕਾਰੀ, ਜ਼ਿਲ੍ਹਾ ਪਰਿਸ਼ਦ ਦਾ ਚੇਅਰਮੈਨ ਅਤੇ ਬਲਾਕਾਂ ਦੀ ਪੰਚਾਇਤ ਸੰਮਤੀ ਦੇ ਚੇਅਰਮੈਨ ਜਾਂ ਬਲਾਕਾਂ ਦੀਆਂ ਪੰਚਾਇਤ ਸੰਮਤੀ ਦੇ ਚੇਅਰਮੈਨ ਜਿਹੜੇ ਪੂਰਨ ਤੌਰ ਤੇ ਜਾਂ ਅੰਸ਼ਕ ਭਾਗ ਤੇ ਅਧਿਸੂਚਿਤ ਖੇਤਰ ਦੇ ਸਾਰੇ ਜਾਂ ਅੰਸ਼ਕ ਭਾਗ ਦੇ ਅੰਦਰ ਆਉਂਦੇ ਹਨ, ਤੋਂ ਮਿਲਕੇ ਬਣੀ ਜ਼ਿਲ੍ਹਾ ਭੋਂ ਸੁਧਾਰ ਕਮੇਟੀ ਦੇ ਨਾਂ ਨਾਲ ਜਾਣੀ ਜਾਂਦੀ ਕਮੇਟੀ ਹੋਵੇਗੀ:

ਪਰੰਤੂ ਜਿੱਥੇ ਇੱਕ ਜ਼ਿਲ੍ਹੇ ਵਿੱਚ ਇੱਕ ਤੋਂ ਵੱਧ ਮਿੱਟੀ ਪਰਿਰੱਖਣ ਅਧਿਕਾਰੀ ਤੈਨਾਤ ਹਨ, ਉੱਥੇ ਮਿੱਟੀ ਪਰਿਰੱਖਣ ਅਧਿਕਾਰੀ ਜਿਸਦੀ ਅਧਿਕਾਰਤਾ ਅੰਦਰ ਅਧਿਸੂਚਿਤ

ਖੇਤਰ ਦਾ ਬਹੁਤਾ ਭਾਗ ਸਥਿਤ ਹੈ, ਉਹੀ ਇਕੱਲਾ ਜ਼ਿਲ੍ਹਾ ਭੌਂ ਸੁਧਾਰ ਕਮੇਟੀ ਦਾ ਮੈਂਬਰ ਹੋਵੇਗਾ।

(2) ਡਿਪਟੀ ਕਮਿਸ਼ਨਰ ਜ਼ਿਲ੍ਹਾ ਭੌਂ ਸੁਧਾਰ ਕਮੇਟੀ ਦਾ ਚੇਅਰਮੈਨ ਹੋਵੇਗਾ ਅਤੇ ਮਿੱਟੀ ਪਰਿਰੱਖਣ ਅਧਿਕਾਰੀ ਇਸਦਾ ਸਕੱਤਰ ਹੋਵੇਗਾ।

(3) ਜ਼ਿਲ੍ਹਾ ਭੌਂ ਸੁਧਾਰ ਕਮੇਟੀ ਦੀ ਇਕੱਤਰਤਾ ਲਈ ਤਿੰਨ ਮੈਂਬਰਾਂ ਦਾ ਕੋਰਮ ਹੋਵੇਗਾ।

(4) ਜ਼ਿਲ੍ਹਾ ਭੌਂ ਸੁਧਾਰ ਕਮੇਟੀ ਦੇ ਅੱਗੇ ਸਾਰੇ ਸਵਾਲਾਂ ਦਾ ਫ਼ੈਸਲਾ ਹਾਜ਼ਰ ਅਤੇ ਵੋਟ ਪਾਉਣ ਵਾਲੇ ਬਹੁ-ਗਿਣਤੀ ਮੈਂਬਰਾਂ ਦੀ ਰਾਇ ਅਨੁਸਾਰ ਕੀਤਾ ਜਾਵੇਗਾ। ਵੋਟਾਂ ਦੇ ਬਰਾਬਰ ਹੋਣ ਦੀ ਸੂਰਤ ਵਿੱਚ, ਚੇਅਰਮੈਨ ਕੋਲ ਦੂਜੀ ਜਾਂ ਨਿਰਣੇਈ ਵੋਟ ਹੋਵੇਗੀ।

ਜ਼ਿਲ੍ਹਾ ਭੌਂ ਸੁਧਾਰ ਕਮੇਟੀ ਦੇ ਕਾਜਕਾਰ ।

5. (1) ਜ਼ਿਲ੍ਹਾ ਭੌਂ ਸੁਧਾਰ ਕਮੇਟੀ ਜ਼ਿਲ੍ਹੇ ਦੇ ਅੰਦਰ ਅਧਿਸੂਚਿਤ ਖੇਤਰ ਦੇ ਸਾਰੇ ਜਾਂ ਇੱਕ ਭਾਗ ਲਈ ਭੌਂ ਸੁਧਾਰ ਸਕੀਮ ਤਿਆਰ ਕਰਨ ਦਾ ਨਿਰਦੇਸ਼ ਦੇ ਸਕਦੀ ਹੈ, ਜੋ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਦੀ ਹੈ:-

(i) ਮਿੱਟੀ ਦੇ ਖੋਰ ਦੀ ਰੋਕਥਾਮ;

(ii) ਮਿੱਟੀ ਦੀ ਸੰਭਾਲ ਅਤੇ ਸੁਧਾਰ;

(iii) ਬੰਜਰ ਭੌਂ ਦਾ ਭੌਂ ਸੁਧਾਰ;

(iv) ਕਾਸ਼ਤ ਦੇ ਤਰੀਕਿਆਂ ਵਿੱਚ ਸੁਧਾਰ ਜਿਸ ਵਿੱਚ ਖੁਸ਼ਕ ਖੇਤੀ ਪ੍ਰਕਿਰਿਆਵਾਂ ਅਤੇ ਕਾਸ਼ਤ ਦਾ ਵਿਸਥਾਰ ਸ਼ਾਮਲ ਹੈ;

(v) ਖੇਤਾਂ, ਨਾਲਿਆਂ ਅਤੇ ਪਹਾੜੀ ਖੱਡਾਂ ਵਿੱਚ ਮਿੱਟੀ ਅਤੇ ਪਥਰੀਲੇ ਨਿਰਮਾਣ ਦੀ ਉਸਾਰੀ;

(vi) ਨਦੀਆਂ ਦੇ ਵਹਾਅ ਦੀ ਸਿਖਲਾਈ;

(vii) ਅਣ-ਕਾਸਤ ਯੋਗ ਭੌਂ ਤੇ ਰੁੱਖ, ਝਾੜੀਆਂ ਅਤੇ ਘਾਹ ਲਗਾਉਣਾ ਅਤੇ ਉਨ੍ਹਾਂ ਦੀ ਸੰਭਾਲ ਕਰਨਾ ਜਾਂ ਹਵਾ ਜਾਂ ਰੇਤ ਦੀ ਲਹਿਰ ਤੋਂ ਬਚਾਅ ਲਈ ਆਸਰਾ-ਪੱਟੀਆਂ ਪ੍ਰਦਾਨ ਕਰਨਾ;

(viii) ਬਨਸਪਤੀ ਨੂੰ ਅੱਗ ਲਗਾਉਣ ਦੀ ਮਨਾਹੀ ਦਾ ਵਿਨਿਯਮਨ;

(ix) ਪਾਣੀ-ਸਪਲਾਈ ਵਿੱਚ ਸੁਧਾਰ;

(x) ਖੇਤ ਜਲ-ਨਿਕਾਸੀ ਅਤੇ ਉਪਰੋਕਤ ਕਿਸੇ ਵੀ ਪ੍ਰਯੋਜਨਾਂ ਨਾਲ ਅਨੁਸੰਗਕ ਜਾਂ ਉਹਨਾਂ ਨਾਲ ਮੁਤੱਲਕ ਹੋਰ ਕਾਰਜ;

(xi) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਵੇ।

(2) ਉਪ-ਧਾਰਾ (1) ਅਧੀਨ ਨਿਰਦੇਸ਼ ਜਾਰੀ ਹੋਣ ਤੇ, ਮਿੱਟੀ ਪਰਿਰੱਖਣ ਅਧਿਕਾਰੀ ਮੁਕੱਰਰ ਤਰੀਕੇ ਨਾਲ ਖਰੜਾ ਸਕੀਮ ਤਿਆਰ ਕਰੇਗਾ ਜਿਸ ਵਿੱਚ ਹੋਰ ਚੀਜ਼ਾਂ ਦੇ ਨਾਲ-ਨਾਲ ਹੇਠ-ਲਿਖੇ ਵੇਰਵੇ ਸ਼ਾਮਲ ਹੋਣਗੇ:-

(i) ਸਕੀਮ ਦੇ ਉਦੇਸ਼;

(ii) ਸਕੀਮ ਵਿੱਚ ਸ਼ਾਮਲ ਕੀਤੀ ਜਾਣ ਵਾਲੀ ਭੋਂ ਦੀਆਂ ਸੀਮਾਵਾਂ ਅਤੇ ਅੰਦਾਜ਼ਨ ਖੇਤਰ;

(iii) ਸਰਕਾਰ ਸਮੇਤ ਉਹ ਵਿਅਕਤੀ, ਜੋ ਇਸ ਸਕੀਮ ਤੋਂ ਪ੍ਰਭਾਵਤ ਹੋਣਗੇ;

(iv) ਸਕੀਮ ਅਧੀਨ ਸਿਰੇ ਚਾੜ੍ਹਿਆ ਜਾਣ ਵਾਲਾ ਕਾਰਜ;

(v) ਉਹ ਏਜੰਸੀ ਜਿਸ ਰਾਹੀਂ ਕਾਰਜ ਸਿਰੇ ਚਾੜ੍ਹਿਆ ਜਾਵੇਗਾ; ਅਤੇ

(vi) ਅਜਿਹੇ ਹੋਰ ਵੇਰਵੇ ਜੋ ਜ਼ਰੂਰੀ ਸਮਝੇ ਜਾਣ।

6. ਮਿੱਟੀ ਪਰਿਰੱਖਣ ਅਧਿਕਾਰੀ ਜਾਂ ਜ਼ਿਲ੍ਹਾ ਭੋਂ ਸੁਧਾਰ ਕਮੇਟੀ ਜਾਂ ਮਿੱਟੀ ਪਰਿਰੱਖਣ ਅਧਿਕਾਰੀ ਦੁਆਰਾ ਲਿਖਤੀ ਰੂਪ ਵਿੱਚ ਅਧਿਕਾਰਤ ਕੋਈ ਹੋਰ ਵਿਅਕਤੀ, ਸਰਵੇਖਣ ਅਤੇ ਸਕੀਮ ਦੀ ਤਿਆਰੀ ਦੇ ਪ੍ਰਯੋਜਨ ਲਈ ਕਿਸੇ ਅਧਿਸੂਚਿਤ ਖੇਤਰ ਵਿੱਚ ਕਿਸੇ ਵੀ ਭੋਂ ਵਿੱਚ ਪ੍ਰਵੇਸ਼ ਕਰ ਸਕਦਾ ਹੈ ਅਤੇ ਅਜਿਹੇ ਪ੍ਰਯੋਜਨ ਲਈ ਸਾਰੇ ਜ਼ਰੂਰੀ ਕਾਰਜ ਕਰ ਸਕਦਾ ਹੈ ਅਤੇ ਖ਼ਾਸ ਕਰਕੇ,- ਕੁੱਝ ਕੁ ਕਾਰਜ ਕਰਨ ਲਈ ਭੋਂ ਵਿੱਚ ਪ੍ਰਵੇਸ਼ ਹੋਣ ਦੀ ਸ਼ਕਤੀ ।

(ੳ) ਜ਼ਮੀਨ ਦੀ ਸਤਹ ਦੇ ਥੱਲੇ ਤੱਕ ਖੁਦਾਈ ਜਾਂ ਬੋਰ ਕਰ ਸਕਦਾ ਹੈ; ਜਾਂ

(ਅ) ਪੱਧਰ ਲੈ ਸਕੇਗਾ ਅਤੇ ਸੀਮਾਵਾਂ ਨੂੰ ਨਿਸ਼ਾਨਬੱਧ ਕਰ ਸਕਦਾ ਹੈ; ਜਾਂ

(ੲ) ਕੋਈ ਕਿੱਲ ਜਾਂ ਨਿਸ਼ਾਨ ਲਗਾ, ਖੜ੍ਹਾ ਜਾਂ ਨਿਯਤ ਕਰ ਸਕਦਾ ਹੈ; ਜਾਂ

(ਸ) ਅਜਿਹੇ ਪ੍ਰਯੋਜਨ ਲਈ ਜ਼ਰੂਰੀ ਹੋਰ ਸਾਰੇ ਕਾਰਜ ਕਰ ਸਕਦਾ ਹੈ।

7. (1) ਮਿੱਟੀ ਪਰਿਰੱਖਣ ਅਧਿਕਾਰੀ ਧਾਰਾ 5 ਦੀ ਉਪ-ਧਾਰਾ (2) ਦੁਆਰਾ ਲੋੜਨ ਅਨੁਸਾਰ ਖਰੜਾ ਸਕੀਮ ਤਿਆਰ ਕਰੇਗਾ ਅਤੇ ਇਸਨੂੰ ਜ਼ਿਲ੍ਹਾ ਭੋਂ ਸੁਧਾਰ ਕਮੇਟੀ ਨੂੰ ਪੇਸ਼ ਕਰੇਗਾ ਜੋ ਜਾਂ ਤਾਂ ਖਰੜਾ ਸਕੀਮ ਨੂੰ ਰੂਪਭੇਦ ਦੇ ਨਾਲ ਜਾਂ ਬਿਨਾਂ ਰੂਪਭੇਦ ਦੇ ਮਨਜ਼ੂਰੀ ਦੇ ਸਕਦੀ ਹੈ ਜਾਂ ਇਸਨੂੰ ਰੱਦ ਕਰ ਸਕਦੀ ਹੈ ਅਤੇ ਇੱਕ ਹੋਰ ਖਰੜਾ ਸਕੀਮ ਤਿਆਰ ਕਰ ਸਕਦੀ ਹੈ ਜਾਂ ਤਿਆਰ ਕਰਵਾ ਸਕਦੀ ਹੈ। ਸਕੀਮਾਂ ਦੀ ਪ੍ਰਵਾਨਗੀ ਅਤੇ ਪ੍ਰਕਾਸ਼ਨ ।

(2) ਜ਼ਿਲ੍ਹਾ ਭੋਂ ਸੁਧਾਰ ਕਮੇਟੀ ਦੁਆਰਾ ਖਰੜਾ ਸਕੀਮ ਨੂੰ ਪ੍ਰਵਾਨ ਕੀਤੇ ਜਾਣ ਤੋਂ ਪਿੱਛੋਂ, ਇਸਨੂੰ ਸਰਕਾਰੀ ਗਜ਼ਟ ਵਿੱਚ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ ਅਤੇ ਹਰੇਕ ਪਿੰਡ ਵਿੱਚ ਅਤੇ ਤਹਿਸੀਲ ਅਤੇ ਜ਼ਿਲ੍ਹੇ ਦੇ ਮੁੱਖ ਦਫ਼ਤਰ ਵਿੱਚ ਵੀ ਮੁਕੱਰਰ ਤਰੀਕੇ ਨਾਲ ਪ੍ਰਕਾਸ਼ਤ ਕੀਤਾ ਜਾਵੇਗਾ ਜਿੱਥੇ ਸਕੀਮ ਵਿੱਚ ਸ਼ਾਮਲ ਭੋਂਆਂ ਸਥਿਤ

ਹਨ, ਅਤੇ ਇਸਦੀ ਨਕਲ ਸੰਬੰਧਤ ਪੰਚਾਇਤ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਦੇ ਦਫ਼ਤਰਾਂ ਵਿੱਚ ਚਿਪਕਾਈ ਜਾਵੇਗੀ।

(3) ਜਿਉਂ ਹੀ ਖਰੜਾ ਸਕੀਮ ਪ੍ਰਵਾਨ ਹੋ ਜਾਂਦੀ ਹੈ, ਜ਼ਿਲ੍ਹਾ ਭੋਂ ਸੁਧਾਰ ਕਮੇਟੀ, ਇੱਕ ਵਿਅਕਤੀ ਨੂੰ ਜਾਂਚ ਅਧਿਕਾਰੀ ਵਜੋਂ ਨਿਯੁਕਤ ਕਰੇਗੀ।

ਸਕੀਮਾਂ ਤੇ ਇੰਤਰਾਜ਼ ।

8. ਜ਼ਿਲ੍ਹਾ ਭੋਂ ਸੁਧਾਰ ਕਮੇਟੀ, ਸਰਕਾਰੀ ਗਜ਼ਟ ਵਿੱਚ ਖਰੜਾ ਸਕੀਮ ਦੇ ਪ੍ਰਕਾਸ਼ਨ ਦੇ ਨਾਲ-ਨਾਲ, ਸਕੀਮ ਤੋਂ ਪ੍ਰਭਾਵਤ ਸਾਰੇ ਵਿਅਕਤੀਆਂ ਨੂੰ, ਅਜਿਹੇ ਪ੍ਰਕਾਸ਼ਨ ਦੇ ਤੀਹ ਦਿਨਾਂ ਦੇ ਅੰਦਰ, ਸਕੀਮ ਜਾਂ ਇਸਦੇ ਕਿਸੇ ਭਾਗ ਬਾਰੇ ਕੋਈ ਇਤਰਾਜ਼ ਜਾਂਚ ਅਧਿਕਾਰੀ ਨੂੰ ਲਿਖਤੀ ਰੂਪ ਵਿੱਚ ਜਾਂ ਉਸਦੇ ਸਾਹਮਣੇ ਨਿੱਜੀ ਤੌਰ ਤੇ ਪੇਸ਼ ਹੋ ਕੇ ਕਲਮਬੰਦ ਕਰਵਾਉਣਾ ਲੋੜ ਸਕੇਗੀ।

ਇਤਰਾਜ਼ਾਂ ਦੀ ਜਾਂਚ ਅਤੇ ਰਿਪੋਟ ।

9. ਜਾਂਚ ਅਧਿਕਾਰੀ ਆਪਣੇ ਕੋਲ ਪ੍ਰਾਪਤ ਹੋਏ ਇਤਰਾਜ਼ਾਂ ਦੀ ਜਾਂਚ ਕਰੇਗਾ ਅਤੇ ਉਨ੍ਹਾਂ ਨੂੰ ਆਪਣੀ ਰਿਪੋਟ ਅਤੇ ਉਸ ਤੇ ਸਿਫ਼ਾਰਸ਼ਾਂ ਸਮੇਤ ਜ਼ਿਲ੍ਹਾ ਭੋਂ ਸੁਧਾਰ ਕਮੇਟੀ ਨੂੰ ਪੇਸ਼ ਕਰੇਗਾ।

ਅੰਤਿਮ ਸਕੀਮ ਦੀ ਮਨਜ਼ੂਰੀ ।

10. ਇੰਤਰਾਜ਼ਾਂ ਅਤੇ ਜਾਂਚ ਅਧਿਕਾਰੀ ਦੀ ਰਿਪੋਟ ਅਤੇ ਉਸਤੇ ਸਿਫ਼ਾਰਸ਼ਾ ਅਤੇ ਕਿਸੇ ਵੀ ਹੋਰ ਰਿਪੋਟ 'ਤੇ ਵਿਚਾਰ ਕਰਨ ਤੋਂ ਪਿੱਛੋਂ ਜੋ ਜਿਲ੍ਹਾਂ ਭੋਂ ਸੁਧਾਰ ਕਮੇਟੀ ਉਸ ਤੋਂ ਲੋੜ ਸਕਦੀ ਹੈ, ਜਿਲ੍ਹਾਂ ਭੋਂ ਸੁਧਾਰ ਕਮੇਟੀ ਸਕੀਮ ਨੂੰ ਰੂਪਭੇਦ ਸਹਿਤ ਜਾਂ ਬਿਨ੍ਹਾਂ ਰੂਪਭੇਦ ਤੋਂ ਮਨਜ਼ੂਰ ਕਰ ਸਕਦੀ ਹੈ ਜਾਂ ਇਸਨੂੰ ਰੱਦ ਕਰ ਸਕਦੀ ਹੈ;

ਪ੍ਰੰਤੂ ਜ਼ਿਲ੍ਹਾ ਭੋਂ ਸੁਧਾਰ ਕਮੇਟੀ ਇਸ ਸਕੀਮ ਨੂੰ ਮਨਜ਼ੂਰੀ ਨਹੀਂ ਕਰੇਗੀ ਜੇ ਸਕੀਮ ਵਿੱਚ ਸ਼ਾਮਲ ਭੋਂ ਦੇ ਬਹ-ਗਿਣਤੀ ਮਾਲਕਾਂ, ਸਰਕਾਰ ਤੋਂ ਬਿਨ੍ਹਾਂ ਜਾਂ ਉਨ੍ਹਾਂ ਮਾਲਕਾਂ, ਸਰਕਾਰ ਤੋਂ ਬਿਨ੍ਹਾਂ, ਜਿਨ੍ਹਾਂ ਕੋਲ ਸਕੀਮ ਵਿੱਚ ਸ਼ਾਮਲ ਭੋਂ ਦੇ ਕੁੱਲ ਪੰਜਾਹ ਪ੍ਰਤੀਸ਼ਤ ਤੋਂ ਵੱਧ ਮਾਲਕੀ ਹੈ, ਨੇ ਇਸ ਸਕੀਮ ਨੂੰ ਬਣਾਉਣ ਤੇ ਇਤਰਾਜ਼ ਕੀਤਾ ਹੈ।

ਅੰਤਿਮ ਸਕੀਮ ਦਾ ਪ੍ਰਕਾਸ਼ਨ ।

11. ਧਾਰਾ 10 ਅਧੀਨ ਮਨਜ਼ੂਰ ਕੀਤੀ ਗਈ ਸਕੀਮ ਨੂੰ ਉਸੇ ਤਰੀਕੇ ਨਾਲ ਪ੍ਰਕਾਸ਼ਤ ਕੀਤਾ ਜਾਵੇਗਾ ਜੋ ਧਾਰਾ 7 ਦੀ ਉਪ-ਧਾਰਾ (2) ਵਿੱਚ ਉਪਬੰਧਤ ਹੈ ਅਤੇ ਅਜਿਹੇ ਪ੍ਰਕਾਸ਼ਨ ਤੇ ਇਸਨੂੰ ਅੰਤਿਮ ਸਮਝਿਆ ਜਾਵੇਗਾ ਅਤੇ ਸਰਕਾਰੀ ਗਜ਼ਟ ਵਿੱਚ ਅਜਿਹੇ ਪ੍ਰਕਾਸ਼ਨ ਦੀ ਤਾਰੀਕ ਤੋਂ ਨਾਫ਼ਜ ਹੋਵੇਗੀ।

ਜ਼ਿਲ੍ਹਾ ਭੋਂ ਸੁਧਾਰ ਕਮੇਟੀਆਂ ਦੀ ਵਿਨਿਯਮ ਬਣਾਉਣ ਦੀ ਸ਼ਕਤੀ ।

12. ਧਾਰਾ 11 ਅਧੀਨ ਨਾਫ਼ਜ ਹੋਈ ਸਕੀਮ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨ ਲਈ, ਜ਼ਿਲ੍ਹਾ ਭੋਂ ਸੁਧਾਰ ਕਮੇਟੀ, ਰਾਜ ਸਰਕਾਰ ਦੀ ਪੂਰਬਲੀ ਪ੍ਰਵਾਨਗੀ ਨਾਲ, ਕਿਸੇ ਵਿਅਕਤੀ ਜਾਂ ਵਿਅਕਤੀਆਂ ਜਾਂ ਵਿਆਪਕ ਤੌਰ ਤੇ ਜਨਤਾ ਤੋਂ ਸਕੀਮ ਵਿੱਚ ਸ਼ਾਮਲ ਕਿਸੇ ਵੀ ਮਾਮਲੇ ਦੇ ਬਾਰੇ ਵਿੱਚ ਜਾਂ ਜੋ ਸਕੀਮ ਦੇ ਅਨੁਪੂਰਕ ਜਾਂ ਅਨੁਸੰਗਕ ਹੋ ਸਕਦੇ ਹਨ, ਕੁਝ ਕੁ ਕਾਰਵਾਈ ਕਰਨ ਜਾਂ ਕੁੱਝ ਕੁ ਕਾਰਜ਼ਾਂ ਨੂੰ ਕਰਨ ਤੋਂ ਗੁਰੇਜ਼ ਕਰਨਾ ਲੋੜਦੇ ਹੋਏ ਵਿਨਿਯਮ ਬਣਾ ਸਕੇਗੀ।

## ਅਧਿਆਇ III

## ਸਕੀਮਾਂ ਦਾ ਤਕਮੀਲ ਹੋਣਾ

13. ਜਦੋਂ ਧਾਰਾ 11 ਅਧੀਨ ਕੋਈ ਸਕੀਮ ਨਾਫ਼ਜ ਹੁੰਦੀ ਹੈ, ਤਾਂ ਮਿੱਟੀ ਪਰਿਰੱਖਣ ਅਧਿਕਾਰੀ ਸਕੀਮ ਨੂੰ ਤਕਮੀਲ ਕਰਨ ਲਈ ਅੱਗੇ ਕਾਰਵਾਈ ਕਰੇਗਾ। ਸਕੀਮ ਨੂੰ ਤਕਮੀਲ ਕਰਨ ਲਈ ਮਿੱਟੀ ਪਰਿਰੱਖਣ ਅਧਿਕਾਰੀ ।

14. (1) ਕਿਸੇ ਸਕੀਮ ਤੋਂ ਪ੍ਰਭਾਵਿਤ ਹਰੇਕ ਭੋਂ-ਮਾਲਕ, ਜਦੋਂ ਤੱਕ ਉਹ ਖ਼ੁਦ ਆਪਣੇ ਹਿੱਸੇ ਵੰਡੇ ਗਏ ਕਾਰਜਾਂ ਨੂੰ ਸਿਰੇ ਨਹੀਂ ਚਾੜ੍ਹਦਾ, ਉਸ ਸਕੀਮ ਵਿੱਚ ਸ਼ਾਮਲ ਕੀਤੀ ਗਈ ਉਸਦੀ ਮਾਲਕੀ ਵਾਲੀ ਭੋਂ ਦੇ ਖੇਤਰ ਦੇ ਅਨੁਪਾਤ ਵਿੱਚ ਅਜਿਹੇ ਕਾਰਜਾਂ ਦੀ ਲਾਗਤ ਉਸ ਤੇ ਵਿਆਜ ਸਮੇਤ ਅਦਾ ਕਰਨ ਲਈ ਭਾਗੀ ਹੋਵੇਗਾ। ਸਕੀਮ ਅਧੀਨ ਕਾਰਜਾਂ ਨੂੰ ਸਿਰੇ ਚਾੜ੍ਹਨ ਦੀ ਸ਼ਕਤੀ ।

(2) ਜੇ ਕੋਈ ਭੋਂ ਮਾਲਕ ਮਿੱਟੀ ਪਰਿਰੱਖਣ ਅਧਿਕਾਰੀ ਦੀ ਤਕਨੀਕੀ ਅਗਵਾਈ ਅਧੀਨ ਖ਼ੁਦ ਕਾਰਜ ਕਰਨਾ ਚਾਹੁੰਦਾ ਹੈ, ਤਾਂ ਉਹ ਭੋਂ ਮਾਲਕ ਧਾਰਾ 11 ਦੇ ਅਧੀਨ ਸਰਕਾਰੀ ਗਜ਼ਟ ਵਿੱਚ ਸਕੀਮ ਦੇ ਪ੍ਰਕਾਸ਼ਨ ਦੇ ਤੀਹ ਦਿਨਾਂ ਦੇ ਅੰਦਰ ਮਿੱਟੀ ਪਰਿਰੱਖਣ ਅਧਿਕਾਰੀ ਨੂੰ ਉਸ ਭਾਵ ਦਾ ਲਿਖਤੀ ਨੋਟਿਸ ਦੇਵੇਗਾ।

(3) ਅਜਿਹੇ ਨੋਟਿਸ ਦੀ ਪ੍ਰਾਪਤੀ ਤੇ, ਮਿੱਟੀ ਪਰਿਰੱਖਣ ਅਧਿਕਾਰੀ ਭੋਂ ਮਾਲਕ ਨੂੰ ਉਹਨਾਂ ਕਾਰਜਾਂ ਬਾਰੇ ਸੂਚਿਤ ਕਰੇਗਾ ਜੋ ਉਸਦੀ ਭੋਂ ਤੇ ਕੀਤੇ ਜਾਣੇ ਹਨ ਅਤੇ ਉਹ ਤਾਰੀਕ ਨਿਯਤ ਕਰੇਗਾ ਜਿਸ ਤੋਂ ਪਹਿਲਾਂ ਭੋਂ ਮਾਲਕ ਨੂੰ ਕਾਰਜ ਕਰਨੇ ਹੋਣਗੇ।

(4) ਜੇ ਭੋਂ ਮਾਲਕ ਮਿੱਟੀ ਪਰਿਰੱਖਣ ਅਧਿਕਾਰੀ ਦੀ ਸੰਤੁਸ਼ਟੀ ਅਨੁਸਾਰ ਅਜਿਹੇ ਕਿਸੇ ਵੀ ਕਾਰਜਾਂ ਨੂੰ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਜਾਂ ਕੰਮ ਪੂਰੇ ਕਰਨ ਲਈ ਨਿਯਤ ਕੀਤੀ ਗਈ ਤਰੀਕ ਤੋਂ ਪਹਿਲਾਂ ਲਿਖਤੀ ਰੂਪ ਵਿੱਚ ਅਜਿਹਾ ਕਰਨ ਵਿੱਚ ਆਪਣੀ ਅਸਮੱਰਥਾ ਪ੍ਰਗਟ ਕਰਦਾ ਹੈ, ਤਾਂ ਮਿੱਟੀ ਪਰਿਰੱਖਣ ਅਧਿਕਾਰੀ ਖ਼ੁਦ ਉਹ ਕਾਰਜ ਕਰਵਾ ਸਕਦਾ ਹੈ ਅਤੇ ਇਸ ਪ੍ਰਯੋਜਨ ਲਈ ਕੀਤੇ ਗਏ ਖਰਚੇ ਨੂੰ ਭੋਂ ਮਾਲਕ ਤੋਂ ਵਿਆਜ ਸਮੇਤ ਅਜਿਹੇ ਤਰੀਕੇ ਨਾਲ ਵਸੂਲ ਕਰ ਸਕਦਾ ਹੈ ਜੋ ਮੁਕੱਰਰ ਕੀਤਾ ਜਾਵੇ।

14.ੳ (1) ਜਿੱਥੇ- ਭੂਮੀਗਤ ਪਾਈਪ-ਲਾਈਨ ਵਿਛਾਉਣਾ ਜਾਂ ਮੌਜੂਦਾ ਭੂਮੀਗਤ ਪਾਈਪ-ਲਾਈਨ ਦੀ ਮੁਰੰਮਤ ਜਾਂ ਨਵੀਨੀਕਰਨ ।

(ੳ) ਵਿਭਾਗ ਸਿੰਚਾਈ ਦੇ ਪ੍ਰਯੋਜਨ ਲਈ ਕਿਸੇ ਵੀ ਹੋਰ ਭੋਂ ਧਾਰਕਾਂ ਦੀ ਭੋਂ ਵਿੱਚੋਂ ਦੀ ਭੂਮੀਗਤ ਪਾਈਪ-ਲਾਈਨ ਵਿਛਾਉਣ ਜਾਂ ਮੌਜੂਦਾ ਭੂਮੀਗਤ ਪਾਈਪ-ਲਾਈਨ ਦੀ ਮੁਰੰਮਤ ਜਾਂ ਨਵੀਨੀਕਰਨ, ਜਿਹੀ ਕਿ ਸੂਰਤ ਹੋਵੇ, ਦਾ ਇਰਾਦਾ ਰੱਖਦਾ ਹੈ; ਜਾਂ

(ਅ) ਕੋਈ ਕਿਸਾਨ ਜਾਂ ਕਿਸਾਨਾਂ ਦਾ ਸਮੂਹ ਆਪਣੀ ਭੋਂ ਜਾਂ ਆਪਣੀਆਂ ਭੋਂਆ ਜਿਹੀ ਹੀ ਸੂਰਤ ਹੋਵੇ, ਦੀ ਸਿੰਚਾਈ ਦੇ ਪ੍ਰਯੋਜਨਾਂ ਲਈ ਕਿਸੇ

ਹੋਰ ਭੋਂ ਮਾਲਕ ਦੀ ਭੋਂ ਵਿੱਚੋਂ ਦੀ ਭੂਮੀਗਤ ਪਾਈਪ-ਲਾਈਨ ਵਿਛਾਉਣ, ਜਾਂ ਮੌਜੂਦਾ ਪਾਈਪ-ਲਾਈਨ ਦੀ ਮੁਰੰਮਤ ਜਾਂ ਨਵੀਨੀਕਰਨ, ਜਿਹੀ ਕਿ ਸੂਰਤ ਹੋਵੇ, ਦਾ ਇਰਾਦਾ ਰੱਖਦਾ ਹੈ; ਅਤੇ

ਜੇ ਮਾਮਲਾ ਪਰਸਪਰ ਕਰਾਰ ਦੁਆਰਾ ਨਹੀਂ ਨਿਪਟਾਇਆ ਜਾਂਦਾ, ਤਾਂ ਜਿਲ੍ਹਾਂ ਪੱਧਰੀ ਕਮੇਟੀ, ਭੋਂ ਦੇ ਮਾਲਕ ਨੂੰ ਫ਼ਸਲ ਦੇ ਨੁਕਸਾਨ ਜਾਂ ਕਿਸੇ ਢਾਂਚੇ ਨੂੰ ਹੋਏ ਨੁਕਸਾਨ ਤੋਂ ਹੋਣ ਵਾਲੇ ਅਜਿਹੇ ਮੁਆਵਜ਼ੇ ਦੀ ਅਦਾਇਗੀ ਕਰਨ ਤੇ, ਹੁਕਮ ਦੁਆਰਾ, ਵਿਭਾਗ ਜਾਂ ਕਿਸਾਨ ਜਾਂ ਕਿਸਾਨਾਂ ਦੇ ਸਮੂਹ ਨੂੰ, ਜਿਹੀ ਕਿ ਸੂਰਤ ਹੋਵੇ, ਹੱਦਬੰਦੀ ਵਾਲੀ ਲਾਈਨ ਦੇ ਨਾਲ-ਨਾਲ ਭੋਂ ਦੀ ਸਤਹ ਤੋਂ ਘੱਟੋ-ਘੱਟ ਤਿੰਨ ਫੁੱਟ ਹੇਠਾਂ, ਪਾਈਪ-ਲਾਈਨ ਵਿਛਾਉਣ ਜਾਂ ਮੌਜੂਦਾ ਪਾਈਪ-ਲਾਈਨ ਦੀ ਮੁਰੰਮਤ ਜਾਂ ਨਵੀਨੀਕਰਨ, ਜਿਹੀ ਕਿ ਸੂਰਤ ਹੋਵੇ, ਦੀ ਆਗਿਆ ਦੇ ਸਕੇਗੀ। ਜਿਲ੍ਹਾਂ ਪੱਧਰੀ ਕਮੇਟੀ ਪ੍ਰਚੱਲਤ ਬਾਜ਼ਾਰ ਕੀਮਤਾਂ ਦੇ ਅਨੁਸਾਰ ਉਸ ਭੋਂ ਧਾਰਕ ਨੂੰ ਅਦਾ ਕੀਤੇ ਜਾਣ ਵਾਲੇ ਮੁਆਵਜ਼ੇ ਦੀ ਰਕਮ ਨਿਰਧਾਰਤ ਕਰੇਗੀ ਜਿਸਦੀ ਭੋਂ ਵਿੱਚੋਂ ਪਾਈਪ-ਲਾਈਨ ਵਿਛਾਈ ਜਾਣੀ ਹੈ ਜਾਂ ਮੁਰੰਮਤ ਜਾਂ ਨਵੀਨੀਕਰਨ ਕੀਤੀ ਜਾਣੀ ਹੈ ਅਤੇ ਇਸਦਾ ਫੈਸਲਾ ਸਾਰੀਆਂ ਧਿਰਾਂ ਤੇ ਬੰਧਨਕਾਰੀ ਹੋਵੇਗਾ।

(2) ਵਿਭਾਗ ਜਾਂ ਕਿਸਾਨ ਜਾਂ ਕਿਸਾਨਾਂ ਦਾ ਸਮੂਹ, ਜਿਹੀ ਕਿ ਸੂਰਤ ਹੋਵੇ, ਜ਼ਿਲ੍ਹਾ ਪੱਧਰੀ ਕਮੇਟੀ ਨੂੰ ਇੱਕ ਲਿਖਤੀ ਦਰਖ਼ਾਸਤ ਪੇਸ਼ ਕਰੇਗਾ ਜਿਸ ਵਿੱਚ ਭੋਂ ਦੇ ਮਾਲਕ(K) ਜਿਨ੍ਹਾਂ ਰਾਹੀਂ ਪਾਈਪ-ਲਾਈਨ ਵਿਛਾਈ ਜਾਂ ਮੁਰੰਮਤ ਜਾਂ ਨਵੀਨੀਕਰਨ ਕੀਤੀ ਜਾਵੇਗੀ ਅਤੇ ਪਾਈਪ-ਲਾਈਨ ਵਿਛਾਉਣ ਲਈ ਹੱਦਬੰਦੀ ਵਾਲੀ ਲਾਈਨ, ਸਮੇਤ ਹੱਦਬੰਦੀ ਵਾਲੀ ਲਾਈਨ ਦੇ ਰਸਤੇ ਵਿੱਚ ਆਉਣ ਵਾਲੀ ਫ਼ਸਲ ਜਾਂ ਢਾਂਚੇ ਨੂੰ ਕਾਰਤ ਹੁੰਦੇ ਨੁਕਸਾਨ ਦੇ ਵੇਰਵੇ ਹੋਣਗੇ।

(3) ਉਪ-ਧਾਰਾ (1) ਵਿੱਚ ਹਵਾਲਾ ਦਿੱਤੀਆਂ ਗਈਆਂ ਕਿਸੇ ਵੀ ਸਹੂਲਤਾਂ ਦਾ ਫ਼ਾਇਦਾ ਉਠਾਉਣ ਦੀ ਇਜਾਜ਼ਤ ਪ੍ਰਾਪਤ ਵਿਭਾਗ ਜਾਂ ਕਿਸਾਨ ਜਾਂ ਕਿਸਾਨਾਂ ਦਾ ਸਮੂਹ ਜਿਹੀ ਕਿ ਸੂਰਤ ਹੋਵੇ, ਉਕਤ ਸਹੂਲਤ ਦੇ ਆਧਾਰ ਤੇ, ਉਸ ਭੋਂ ਵਿੱਚ ਕੋਈ ਹੋਰ ਅਧਿਕਾਰ ਅਰਜਤ ਨਹੀਂ ਕਰੇਗਾ ਜਿਸ ਰਾਹੀਂ ਅਜਿਹੀ ਸਹੂਲਤ ਦਿੱਤੀ ਜਾਂਦੀ ਹੈ।

(4) ਵਿਭਾਗ ਜਾਂ ਕਿਸਾਨ ਜਾਂ ਕਿਸਾਨਾਂ ਦਾ ਸਮੂਹ, ਜਿਹੀ ਕਿ ਸੂਰਤ ਹੋਵੇ, ਜਿਸਨੂੰ ਅਜਿਹੀ ਸਹੂਲਤ ਦਿੱਤੀ ਜਾਂਦੀ ਹੈ, ਇਹ ਵੀ ਸੁਨਿਸ਼ਚਿਤ ਕਰੇਗਾ ਕਿ ਭੂਮੀਗਤ

ਪਾਈਪ-ਲਾਈਨ ਵਿਛਾਉਣ ਤੋਂ ਪਿੱਛੋਂ ਭੋਂ-ਧਾਰਕ ਦੀ ਤਸੱਲੀ ਮੁਤਾਬਕ ਭੋਂ ਨੂੰ ਬਹਾਲ ਕੀਤਾ ਜਾਵੇ।

ਜ਼ਿਲ੍ਹਾ ਪੱਧਰੀ ਕਮੇਟੀਆਂ ਦਾ ਗਠਨ ।

14.ਅ (1) ਹਰੇਕ ਜ਼ਿਲ੍ਹੇ ਵਿੱਚ, ਵਿਭਾਗ ਜਾਂ ਕਿਸਾਨ ਜਾਂ ਕਿਸਾਨਾਂ ਦੇ ਸਮੂਹ ਨੂੰ, ਜਿਹੀ ਕਿ ਸੂਰਤ ਹੋਵੇ, ਮੁਆਵਜ਼ਾ ਦੇਣ ਲਈ ਹੇਠ-ਲਿਖਿਆਂ ਤੋਂ ਮਿਲ ਕੇ ਬਣੀ ਜ਼ਿਲ੍ਹਾ ਪੱਧਰੀ ਕਮੇਟੀ ਕਹੀ ਜਾਣ ਵਾਲੀ ਇੱਕ ਕਮੇਟੀ ਦਾ ਗਠਨ ਕੀਤਾ ਜਾਵੇਗਾ, ਅਰਥਾਤ:-

| | | |
|---|---|---|
| (ੳ) | ਡਿਪਟੀ ਕਮਿਸ਼ਨਰ | ਚੇਅਰਮੈਨ |
| (ਅ) | ਡਿਵੀਜ਼ਨਲ ਮਿੱਟੀ ਪਰਿਰੱਖਣ ਅਧਿਕਾਰੀ | ਕਨਵੀਨਰ |
| (ੲ) | ਜ਼ਿਲ੍ਹਾ ਮਾਲ ਅਧਿਕਾਰੀ | ਮੈਂਬਰ |
| (ਸ) | ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਬੀ ਅਤੇ ਆਰ) | ਮੈਂਬਰ |
| (ਹ) | ਡਿਵੀਜ਼ਨਲ ਵਣ ਅਧਿਕਾਰੀ | ਮੈਂਬਰ |

(2) ਭੂਮੀਗਤ ਪਾਈਪ-ਲਾਈਨ ਵਿਛਾਉਣ ਜਾਂ ਮੁਰੰਮਤ ਜਾਂ ਮੌਜੂਦਾ ਪਾਈਪ-ਲਾਈਨ ਦੀ ਮੁਰੰਮਤ ਜਾਂ ਨਵੀਨੀਕਰਨ, ਜਿਹੀ ਕਿ ਸੂਰਤ ਹੋਵੇ, ਦੀ ਬੇਨਤੀ ਪ੍ਰਾਪਤ ਹੋਣ ਤੇ ਕਨਵੀਨਰ ਜ਼ਿਲ੍ਹਾ ਪੱਧਰੀ ਕਮੇਟੀ ਦੀ ਇਕੱਤਰਤਾ ਬੁਲਾਏਗਾ।

(3) ਚੇਅਰਮੈਨ ਅਤੇ ਕਨਵੀਨਰ ਸਮੇਤ ਚਾਰ ਮੈਂਬਰ ਜ਼ਿਲ੍ਹਾ ਕਮੇਟੀ ਦੀ ਇਕੱਤਰਤਾ ਲਈ ਕੋਰਮ ਬਣਾਉਣਗੇ।

(4) ਜ਼ਿਲ੍ਹਾ ਪੱਧਰੀ ਕਮੇਟੀ ਦੇ ਅੱਗੇ ਸਾਰੇ ਸਵਾਲਾਂ ਦਾ ਫ਼ੈਸਲਾ ਹਾਜ਼ਰ ਅਤੇ ਵੋਟ ਪਾਉਣ ਵਾਲੇ ਬਹੁ-ਸੰਮਤੀ ਮੈਂਬਰਾਂ ਦੀ ਰਾਇ ਅਨੁਸਾਰ ਕੀਤਾ ਜਾਵੇਗਾ। ਵੋਟਾਂ ਦੀ ਬਰਾਬਰੀ ਦੇ ਮਾਮਲੇ ਵਿੱਚ, ਚੇਅਰਮੈਨ ਕੋਲ ਦੂਜੀ ਜਾਂ ਨਿਰਣਾਇਕ ਵੋਟ ਹੋਵੇਗੀ।

ਰਾਜ ਸਰਕਾਰ ਦੀ ਸਕੀਮਾਂ ਸਿਰੇ ਚਾੜ੍ਹਨ ਦੀ ਸ਼ਕਤੀ ।

15. ਧਾਰਾ 14 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ, ਧਾਰਾ 11 ਅਧੀਨ ਨਾਫ਼ਜ ਹੋਈ ਕਿਸੇ ਵੀ ਸਕੀਮ ਦੇ ਮਾਮਲੇ ਵਿੱਚ, ਨਿਰਦੇਸ਼ ਦੇ ਸਕਦੀ ਹੈ ਕਿ ਸਕੀਮ ਅਧੀਨ ਕੋਈ ਕਾਰਜ, ਲੋਕ ਹਿੱਤ ਵਿੱਚ, ਰਾਜ ਸਰਕਾਰ ਦੁਆਰਾ ਸਿਰੇ ਚਾੜ੍ਹਿਆ ਜਾ ਸਕਦਾ ਹੈ ਅਤੇ ਅਜਿਹੇ ਕਾਰਜ ਦੀ ਲਾਗਤ ਉਸਤੇ ਵਿਆਜ ਸਮੇਤ ਭੋਂ ਮਾਲਕਾਂ ਤੋਂ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ ਹਰੇਕ ਭੋਂ ਮਾਲਕ ਦੀ ਮਲਕੀਅਤ ਵਾਲੇ ਖੇਤਰ ਦੇ ਅਨੁਪਾਤ ਵਿੱਚ ਵਸੂਲ ਕੀਤੀ ਜਾਵੇਗੀ ਜੋ ਸਕੀਮ ਵਿੱਚ ਸ਼ਾਮਲ ਕੀਤਾ ਗਿਆ ਹੈ।

ਅਧਿਆਇ IV

ਸਕੀਮਾਂ ਅਧੀਨ ਸਿਰੇ ਚਾੜ੍ਹਨ ਵਾਲੇ ਨਿਰਮਾਣ ਦੀ ਸੰਭਾਲ, ਮੁਰੰਮਤ ਅਤੇ ਉਪਯੋਗਤਾ

ਵਿਵਰਣ ਦੀ ਤਿਆਰੀ ।

16. (1) ਮਿੱਟੀ ਪਰਿਰੱਖਣ ਅਧਿਕਾਰੀ, ਕਿਸੇ ਸਕੀਮ ਅਧੀਨ ਕਾਰਜ ਪੂਰੇ ਹੋਣ ਤੇ, ਮੁਕੱਰਰ ਫਾਰਮ ਵਿੱਚ ਇੱਕ ਵਿਵਰਣ ਤਿਆਰ ਕਰੇਗਾ ਜਿਸ ਵਿੱਚ ਹੇਠ-ਲਿਖੇ ਵੇਰਵੇ ਦਿੱਤੇ ਜਾਣਗੇ, ਅਰਥਾਤ:-

(i) ਸਰਕਾਰ ਸਮੇਤ, ਭੋਂ ਮਾਲਕਾਂ ਦੇ ਨਾਂ, ਅਤੇ ਸਕੀਮ ਵਿੱਚ ਸ਼ਾਮਲ ਭੋਂ ਦੇ ਖਸਰਾ ਨੰਬਰ;

(ii) ਸਕੀਮ ਅਧੀਨ ਸਿਰੇ ਚਾੜ੍ਹੇ ਨਿਰਮਾਣ, ਸਮੇਤ ਉਨ੍ਹਾਂ ਦੇ ਨਕਸ਼ੇ;

(iii) ਅਜਿਹੇ ਨਿਰਮਾਣ ਦੀ ਕੁੱਲ ਲਾਗਤ;

(iv) ਪ੍ਰਤੀ ਏਕੜ ਲਾਗਤ ਦੀ ਵਸੂਲੀ ਦੀ ਦਰ;

(v) ਭੋਂ ਮਾਲਕਾਂ ਤੋਂ ਵਸੂਲੀ ਜਾਣ ਵਾਲੀ ਰਕਮ, ਉਹ ਮੁਦੱਤ ਜਿਸਦੇ ਅੰਦਰ ਅਜਿਹੀ ਰਕਮ ਵਸੂਲਣਯੋਗ ਹੈ ਅਤੇ ਵਸੂਲੀ ਦੀਆਂ ਕਿਸ਼ਤਾਂ ਦੀ ਗਿਣਤੀ;

(vi) ਉਹ ਨਿਰਮਾਣ ਜਿਹਨਾਂ ਦੀ ਮਿੱਟੀ ਪਰਿਰੱਖਣ ਅਧਿਕਾਰੀ ਦੀ ਰਾਇ ਵਿੱਚ, ਭੋਂ ਮਾਲਕਾਂ ਦੁਆਰਾ ਵਿਅਕਤੀਗਤ ਤੌਰ ਤੇ ਜਾਂ ਸੰਯੁਕਤ ਤੌਰ ਤੇ ਸੰਭਾਲ ਅਤੇ ਮੁਰੰਮਤ ਕੀਤੀ ਜਾਣੀ ਚਾਹੀਦੀ ਹੈ ਅਤੇ ਅਜਿਹੇ ਭੋਂ ਮਾਲਕਾਂ ਦੇ ਨਾਂ; ਅਤੇ

(vii) ਅਜਿਹੇ ਹੋਰ ਮਾਮਲੇ ਜੋ ਮੁਕੱਰਰ ਕੀਤੇ ਜਾਣ।

(2) ਵਿਵਰਣ ਦੀ ਇੱਕ ਨਕਲ ਮਾਲ ਵਿਭਾਗ ਨੂੰ ਮੁਕੱਰਰ ਤਰੀਕੇ ਨਾਲ ਵਸੂਲੀ ਲਈ ਭੇਜੀ ਜਾਵੇਗੀ।

(3) ਜਦੋਂ ਇਸ ਧਾਰਾ ਅਧੀਨ ਵਿਵਰਣ ਤਿਆਰ ਕੀਤਾ ਜਾਂਦਾ ਹੈ, ਤਾਂ ਉਸ ਵਿੱਚ ਦਰਸਾਏ ਗਏ ਕੋਈ ਅਧਿਕਾਰ ਅਤੇ ਦੇਣਦਾਰੀਆਂ ਮਲਕੀਅਤ ਰਿਕਾਰਡ ਵਿੱਚ ਜਾਂ ਜਿੱਥੇ ਕੋਈ ਮਲਕੀਅਤ ਰਿਕਾਰਡ ਨਹੀਂ ਹੈ ਉੱਥੇ ਅਜਿਹੇ ਪਿੰਡ ਦੇ ਰਿਕਾਰਡ ਵਿੱਚ ਅਤੇ ਅਜਿਹੇ ਤਰੀਕੇ ਨਾਲ ਦਰਜ ਕੀਤੀਆਂ ਜਾਣਗੀਆਂ ਜਿਵੇਂ ਮੁਕੱਰਰ ਕੀਤਾ ਜਾਵੇ ਅਤੇ ਇਸ ਤੋਂ ਬਾਅਦ ਅਜਿਹੇ ਮਲਕੀਅਤ ਰਿਕਾਰਡ ਜਾਂ ਅਜਿਹੇ ਪਿੰਡ ਦੇ ਰਿਕਾਰਡ ਦਾ ਭਾਗ ਬਣਨਗੀਆਂ।

ਕਾਰਜਾਂ ਦੀ ਸਾਂਭ-ਸੰਭਾਲ ਅਤੇ ਮੁਰੰਮਤ ਕਰਨ ਲਈ ਵਿਅਕਤੀਆਂ ਦੀ ਬਾਂਧ ।

17. (1) ਧਾਰਾ 16 ਅਧੀਨ ਤਿਆਰ ਕੀਤੇ ਗਏ ਵਿਵਰਣ ਵਿੱਚ ਨਿਰਮਾਣ ਦੀ ਸਾਂਭ ਸੰਭਾਲ ਅਤੇ ਮੁਰੰਮਤ ਲਈ ਉੱਤਰਦਾਈ ਦਿਖਾਇਆ ਗਿਆ ਹਰੇਕ ਵਿਅਕਤੀ ਇਸਨੂੰ ਮਿੱਟੀ ਪਰਿਰੱਖਣ ਅਧਿਕਾਰੀ ਦੀ ਤਸੱਲੀ ਮੁਤਾਬਕ ਕਾਇਮ ਰੱਖੇਗਾ ਅਤੇ, ਅਜਿਹੇ ਸਮੇਂ ਦੇ ਅੰਦਰ ਜਿਵੇਂ ਮਿੱਟੀ ਪਰਿਰੱਖਣ ਅਧਿਕਾਰੀ ਨਿਯਤ ਕਰੇ, ਉਸਦੀ ਆਪਣੀ ਭੋਂ ਵਿੱਚ ਜਾਂ ਕਿਸੇ ਹੋਰ ਭੋਂ ਵਿੱਚ ਜਿਸਦੇ ਬਾਰੇ ਵਿੱਚ ਉਸਨੂੰ ਉਸ ਵਿਵਰਣ ਵਿੱਚ ਭਾਗੀ ਦਿਖਾਇਆ ਗਿਆ ਹੈ, ਨਿਰਮਾਣ ਦੀ ਮੁਰੰਮਤ ਕਰੇਗਾ।

(2) ਜੇ ਅਜਿਹਾ ਵਿਅਕਤੀ ਮਿੱਟੀ ਪਰਿਰੱਖਣ ਅਧਿਕਾਰੀ ਦੀ ਸੰਤੁਸ਼ਟੀ ਅਨੁਸਾਰ ਨਿਰਮਾਣ ਦੀ ਸਾਂਭ-ਸੰਭਾਲ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਜਾਂ ਉਪ-ਧਾਰਾ (1) ਅਧੀਨ ਮਿੱਟੀ ਪਰਿਰੱਖਣ ਅਧਿਕਾਰੀ ਦੁਆਰਾ ਨਿਯਤ ਸਮੇਂ ਦੇ ਅੰਦਰ ਉਨ੍ਹਾਂ ਦੀ ਮੁਰੰਮਤ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਮਿੱਟੀ ਪਰਿਰੱਖਣ ਅਧਿਕਾਰੀ ਖ਼ੁਦ ਉਸ ਨਿਰਮਾਣ ਦੀ ਸਾਂਭ-ਸੰਭਾਲ ਕਰੇਗਾ ਜਾਂ ਉਹਨਾਂ ਦੀ ਮੁਰੰਮਤ ਕਰਵਾਏਗਾ ਅਤੇ ਉਸਦੀ ਲਾਗਤ ਇਸ ਤੇ ਵਿਆਜ ਸਮੇਤ ਅਜਿਹੇ ਵਿਅਕਤੀ ਤੋਂ ਵਸੂਲ ਕਰੇਗਾ।

(3) ਜੇ ਮਿੱਟੀ ਪਰਿਰੱਖਣ ਅਧਿਕਾਰੀ ਦੀ ਰਾਇ ਹੈ ਕਿ ਕੋਈ ਸੰਕਟ ਪੈਦਾ ਹੋ ਗਿਆ ਹੈ ਅਤੇ ਉਪ-ਧਾਰਾ (1) ਵਿੱਚ ਹਵਾਲਾ ਕੀਤੇ ਗਏ ਕਿਸੇ ਵੀ ਨਿਰਮਾਣ ਦੀ ਤੁਰੰਤ ਮੁਰੰਮਤ ਲੋਕ ਹਿੱਤ ਵਿੱਚ ਜ਼ਰੂਰੀ ਹੈ, ਤਾਂ ਉਹ ਅਜਿਹੀ ਮੁਰੰਮਤ ਕਾਰਤ ਕਰਵਾਏਗਾ ਅਤੇ ਅਜਿਹੀ ਮੁਰੰਮਤ ਦੀ ਲਾਗਤ ਉਸ 'ਤੇ ਵਿਆਜ ਸਮੇਤ ਸੰਬੰਧਤ ਭੋਂ ਮਾਲਕ ਜਾਂ ਭੋਂ-ਮਾਲਕਾਂ ਦੁਆਰਾ ਅਦਾ ਕੀਤੀ ਜਾਵੇਗੀ।

(4) ਮਿੱਟੀ ਪਰਿਰੱਖਣ ਅਧਿਕਾਰੀ, ਜਿੰਨੀ ਛੇਤੀ ਅਮਲਯੋਗ ਹੋਵੇ, ਅਜਿਹੀ ਮੁਰੰਮਤ ਬਾਬਤ ਰਾਜ ਸਰਕਾਰ ਨੂੰ ਰਿਪੋਟ ਕਰੇਗਾ।

18. ਕਿਸੇ ਸਕੀਮ ਅਧੀਨ ਨਿਰਮਾਣ ਦੇ ਤਕਮੀਲ ਹੋਣ ਜਾਂ ਕਾਰਜਾਂ ਤੇ ਹੋਏ ਖ਼ਰਚ ਜਾਂ ਜਿਵੇਂ ਧਾਰਾ 16 ਜਾਂ ਧਾਰਾ 17 ਵਿੱਚ ਹਵਾਲਾ ਦਿੱਤਾ ਗਿਆ ਹੈ, ਉਨ੍ਹਾਂ ਦੀ ਸੰਭਾਲ ਅਤੇ ਮੁਰੰਮਤ ਬਾਬਤ ਕੋਈ ਵਿਵਾਦ, ਡਾਇਰੈਕਟਰ ਦੁਆਰਾ ਨਿਰਣੀਤ ਕੀਤਾ ਜਾਵੇਗਾ ਜਿਸਦਾ ਫ਼ੈਸਲਾ ਅੰਤਿਮ ਹੋਵੇਗਾ। ਨਿਰਮਾਣ ਨਾਲ ਸੰਬੰਧਤ ਝਗੜਿਆਂ ਦਾ ਫ਼ੈਸਲਾ ।

19. ਇਸ ਐਕਟ ਅਧੀਨ ਰਾਜ ਸਰਕਾਰ ਜਾਂ ਮਿੱਟੀ ਪਰਿਰੱਖਣ ਅਧਿਕਾਰੀ ਨੂੰ ਅਦਾਇਗੀਯੋਗ ਜਾਂ ਦੁਆਰਾ ਵਸੂਲੀਯੋਗ ਸਾਰੀਆਂ ਰਕਮਾਂ ਇਸ ਤਰ੍ਹਾਂ ਵਸੂਲ ਕੀਤੀਆਂ ਜਾ ਸਕਦੀਆਂ ਹਨ ਜਿਵੇਂ ਉਹ ਭੋਂ ਮਾਲੀਏ ਦੇ ਬਕਾਏ ਸਨ। ਵਸੂਲ ਕੀਤੀਆਂ ਜਾਣ ਵਾਲੀਆਂ ਰਕਮਾਂ ।

ਅਧਿਆਇ V

ਫੁੱਟਕਲ

20. ਇਸ ਐਕਟ ਅਧੀਨ ਜੋ ਕੋਈ ਅਜਿਹਾ ਕਾਰਜ ਕਰਦਾ ਹੈ ਜੋ ਧਾਰਾ 11 ਦੇ ਅਧੀਨ ਨਾਫ਼ਜ ਹੋਈ ਕਿਸੇ ਸਕੀਮ ਅਧੀਨ ਸਿਰੇ ਚਾੜ੍ਹੇ ਗਏ ਜਾਂ ਰੱਖ-ਰੱਖਾਅ ਕੀਤੇ ਗਏ ਕਿਸੇ ਵੀ ਨਿਰਮਾਣ ਨੂੰ ਹਾਨ ਪਹੁੰਚਾਉਂਦਾ ਹੈ, ਸਿੱਧ-ਦੋਸ਼ ਹੋਣ ਤੇ, ਜੁਰਮਾਨੇ ਨਾਲ ਸਜਾ-ਯੋਗ ਹੋਵੇਗਾ, ਜੋ ਪੰਜ ਸੌ ਰੁਪਏ ਤੱਕ ਹੋ ਸਕੇਗਾ। ਡੰਨ ।

21. (1) ਇਸ ਐਕਟ ਅਧੀਨ ਜਾਂਚ ਕਰਨ ਲਈ ਸ਼ਕਤੀ-ਪ੍ਰਾਪਤ ਕੋਈ ਅਧਿਕਾਰੀ ਜਾਂ ਅਥਾਰਟੀ, ਪੰਜਾਬ ਭੋਂ ਮਾਲੀਆ ਐਕਟ, 1887 ਅਧੀਨ ਸਰਸਰੀ ਜਾਂਚ ਕਰਨ ਲਈ ਉਪਬੰਧਤ ਕੀਤੇ ਗਏ ਤਰੀਕੇ ਅਨੁਸਾਰ ਜਾਂਚ ਕਰੇਗੀ, ਅਤੇ ਸਰਸਰੀ ਜਾਂਚ ਕਰਨ ਨਾਲ ਜਾਂਚਾਂ ਦਾ ਸਰਸਰੀ ਤੌਰ ਤੇ ਕੀਤਾ ਜਾਣਾ ।

ਸੰਬੰਧਤ, ਉਸ ਐਕਟ ਵਿੱਚ ਦਰਜ ਸਾਰੇ ਉਪਬੰਧ, ਇਸ ਐਕਟ ਅਧੀਨ ਕੀਤੀ ਗਈ ਜਾਂਚ ਤੇ ਲਾਗੂ ਹੋਣਗੇ।

(2) ਅਜਿਹੇ ਅਧਿਕਾਰੀ ਜਾਂ ਅਥਾਰਟੀ ਕੋਲ ਕਿਸੇ ਵੀ ਵਿਅਕਤੀ ਨੂੰ ਤਲਬ ਕਰਨ ਅਤੇ ਹਾਜਰ ਕਰਵਾਉਣ, ਸਹੁੰ ਤੇ ਪ੍ਰੀਖਿਆ ਕਰਨ ਅਤੇ ਦਸਤਾਵੇਜ਼ ਪੇਸ਼ ਕਰਨ ਲਈ ਮਜ਼ਬੂਰ ਕਰਨ ਦੀਆਂ ਉਹੀ ਸ਼ਕਤੀਆਂ ਹੋਣਗੀਆਂ ਜੋ ਪੰਜਾਬ ਭੋਂ ਮਾਲੀਆ ਐਕਟ, 1887 ਦੇ ਅਧੀਨ ਮਾਲ ਅਧਿਕਾਰੀਆਂ ਵਿੱਚ ਨਿਹਿਤ ਹਨ।

ਕੀਤੇ ਗਏ ਸੁਧਾਰਾਂ ਦੇ ਕਾਰਨ ਕਿਰਾਇਆ ਵਧਾਉਣ ਦੀ ਇਜਾਜ਼ਤ ।

22. ਤੱਤਸਮੇਂ ਨਾਫ਼ਜ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇੱਕ ਭੋ-ਮਾਲਕ ਲਈ, ਜਿਸਦੀ ਭੋਂ ਇੱਕ ਸਕੀਮ ਵਿੱਚ ਸ਼ਾਮਲ ਹੈ, ਅਜਿਹੀ ਭੋਂ ਦੇ ਕਿਰਾਏਦਾਰ ਦੁਆਰਾ ਅਦਾਇਗੀਯੋਗ ਕਿਰਾਏ ਨੂੰ ਇੰਨੀ ਰਕਮ ਤੱਕ, ਅਜਿਹੇ ਤਰੀਕੇ ਨਾਲ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਜੋ ਮੁਕੱਰਰ ਕੀਤੀਆਂ ਜਾਣ, ਵਧਾਉਣਾ ਕਾਨੂੰਨ-ਪੂਰਨ ਹੋਵੇਗਾ।

ਸਕੀਮਾਂ ਦੇ ਸਬੰਧ ਵਿੱਚ ਦਸਤਾਵੇਜ਼ਾਂ, ਯੋਜਨਾਵਾਂ ਜਾਂ ਨਕਸ਼ਿਆਂ ਦੀ ਰਜਿਸਟ੍ਰੀਕਰਨ ਦੀ ਲੋੜ ਨਾ ਹੋਣਾ ।

23. (1) ਭਾਰਤੀ ਰਜਿਸਟ੍ਰੀਕਰਣ ਐਕਟ, 1908 ਵਿੱਚ ਕਿਸੇ ਗੱਲ ਨੂੰ ਧਾਰਾ 11 ਅਧੀਨ ਨਾਫ਼ਜ ਹੋਈ ਸਕੀਮ ਦੇ ਤੱਲਕ ਵਿੱਚ ਤਿਆਰ ਕੀਤੇ, ਬਣਾਏ ਜਾਂ ਮਨਜ਼ੂਰ ਕੀਤੇ ਗਏ ਦਸਤਾਵੇਜ਼, ਯੋਜਨਾਂ ਜਾਂ ਨਕਸ਼ੇ ਦੀ ਰਜਿਸਟ੍ਰੀਕਰਣ ਲੋੜਦਾ ਨਹੀਂ ਸਮਝਿਆ ਜਾਵੇਗਾ।

(2) ਅਜਿਹੇ ਸਾਰੇ ਦਸਤਾਵੇਜ਼, ਯੋਜਨਾਵਾਂ ਅਤੇ ਨਕਸ਼ੇ, ਭਾਰਤੀ ਰਜਿਸਟ੍ਰੀਕਰਣ ਐਕਟ, 1908 ਦੀਆਂ ਧਾਰਾਵਾਂ 48 ਅਤੇ 49 ਦੇ ਪ੍ਰਯੋਜਨ ਲਈ, ਉਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਰਜਿਸਟਰਸ਼ੁਦਾ ਕੀਤੇ ਗਏ ਸਮਝੇ ਜਾਣਗੇ।

ਸਕੀਮਾਂ ਪਰਤਾਉਣ ਦੀ ਸ਼ਕਤੀ ।

24. ਜੇ ਰਾਜ ਸਰਕਾਰ ਜ਼ਿਲ੍ਹਾ ਭੋਂ ਸੁਧਾਰ ਕਮੇਟੀ ਦੁਆਰਾ ਕੀਤੀ ਗਈ ਦਰਖ਼ਾਸਤ ਤੇ ਸੰਤੁਸ਼ਟ ਹੋ ਜਾਂਦੀ ਹੈ ਕਿ ਕਿਸੇ ਸਕੀਮ ਜਾਂ ਉਸਦੇ ਇੱਕ ਭਾਗ ਨੂੰ ਪਰਤਾਉਣਾ ਜ਼ਰੂਰੀ ਹੈ ਜਾਂ ਜੇ ਰਾਜ ਸਰਕਾਰ ਸੰਤੁਸ਼ਟ ਹੋ ਜਾਂਦੀ ਹੈ ਕਿ ਕੋਈ ਸਕੀਮ ਜਾਂ ਉਸਦਾ ਇੱਕ ਭਾਗ ਜਨਤਕ ਹਿੱਤ ਦੇ ਵਿਰੁੱਧ ਹੈ, ਤਾਂ ਉਹ, ਅਧਿਸੂਚਨਾ ਦੁਆਰਾ, ਸਕੀਮ ਜਾਂ ਉਸਦੇ ਇੱਕ ਭਾਗ ਨੂੰ, ਜਿਹੀ ਕਿ ਸੂਰਤ ਹੋਵੇ, ਪਰਤਾ ਸਕਦੀ ਹੈ ਅਤੇ ਅਜਿਹੇ ਪਰਤਾਉਣ ਤੇ, ਇਸ ਐਕਟ ਦੇ ਉਪਬੰਧ, ਧਾਰਾ 19 ਤੋਂ ਸਿਵਾਏ, ਅਜਿਹੀ ਸਕੀਮ ਜਾਂ ਉਸਦੇ ਇੱਕ ਭਾਗ ਤੇ ਲਾਗੂ ਹੋਣੇ ਬੰਦ ਹੋ ਜਾਣਗੇ।

ਦਸਤਾਵੇਜ਼ਾਂ ਆਦਿ ਦਾ ਨਿਰੀਖਣ, ਅਤੇ ਨਕਲਾਂ ਪ੍ਰਾਪਤ ਕਰਨਾ ।

25. ਕਿਸੇ ਸਕੀਮ ਨਾਲ ਸੰਬੰਧਤ ਦਸਤਾਵੇਜ਼, ਯੋਜਨਾਵਾਂ ਅਤੇ ਨਕਸ਼ੇ ਉਸ ਖੇਤਰ ਦੇ, ਜਿਸ ਦੇ ਬਾਰੇ ਵਿੱਚ ਕੋਈ ਸਕੀਮ ਤਿਆਰ ਕੀਤੀ ਗਈ ਹੈ, ਹਰੇਕ ਤਹਿਸੀਲਦਾਰ ਦੇ ਦਫ਼ਤਰ ਵਿੱਚ ਦਫ਼ਤਰੀ ਸਮੇਂ ਦੇ ਦੌਰਾਨ ਕਿਸੇ ਵੀ ਸਮੇਂ ਲੋਕ ਨਿਰੀਖਣ ਲਈ ਖੁੱਲ੍ਹੇ ਹੋਣਗੇ, ਅਤੇ ਮੁਕੱਰਰ ਫ਼ੀਸ ਦੀ ਅਦਾਇਗੀ ਤੇ ਉਨ੍ਹਾਂ ਦੀਆਂ ਪ੍ਰਮਾਣਤ ਨਕਲਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਡੈਲੀਗੇਸ਼ਨ ।

26. ਰਾਜ ਸਰਕਾਰ, ਅਤੇ, ਰਾਜ ਸਰਕਾਰ ਦੇ ਕੰਟਰੋਲ ਦੇ ਤਾਬੇ, ਮਿੱਟੀ ਪਰਿਰੱਖਣ ਅਧਿਕਾਰੀ, ਅਧਿਸੂਚਨਾ ਦੁਆਰਾ, ਨਿਰਦੇਸ਼ ਦੇ ਸਕਦਾ ਹੈ ਕਿ ਇਸ ਐਕਟ ਅਧੀਨ ਇਸ

ਦੁਆਰਾ ਜਾਂ ਉਸ ਦੁਆਰਾ ਵਰਤੋਂਯੋਗ ਕੋਈ ਸ਼ਕਤੀ, ਅਜਿਹੇ ਮਾਮਲਿਆਂ ਦੇ ਸੰਬੰਧ ਵਿੱਚ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਜੇ ਕੋਈ ਹੋਣ, ਜੋ ਅਧਿਸੂਚਨਾ ਵਿੱਚ ਉਲਿਖਤ ਕੀਤੀਆਂ ਜਾਣ, ਰਾਜ ਸਰਕਾਰ ਜਾਂ ਮਿੱਟੀ ਪਰਿਰੱਖਣ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਦੇ ਅਧੀਨ ਅਜਿਹੇ ਅਧਿਕਾਰੀ ਜਾਂ ਅਥਾਰਟੀ ਦੁਆਰਾ ਵੀ ਵਰਤੋਂਯੋਗ ਹੋਣਗੀਆਂ, ਜਿਵੇਂ ਅਧਿਸੂਚਨਾ ਵਿੱਚ ਉੱਲਿਖਤ ਕੀਤਾ ਜਾਵੇ।

ਕੁੱਝ-ਕੁ ਅਧਿਕਾਰੀਆਂ ਦਾ ਲੋਕ ਸੇਵਕ ਹੋਣਾ ।

27. ਇਸ ਐਕਟ ਅਧੀਨ ਕਿਸੇ ਸ਼ਕਤੀ ਦੀ ਵਰਤੋਂ ਕਰ ਰਹੇ ਜਾਂ ਕੋਈ ਕਾਜਕਾਰ ਨਿਭਾ ਰਹੇ ਮਿੱਟੀ ਪਰਿਰੱਖਣ ਅਧਿਕਾਰੀ, ਜਾਂਚ ਅਧਿਕਾਰੀ, ਜਾਂ ਕੋਈ ਹੋਰ ਅਧਿਕਾਰੀ, ਨੂੰ ਭਾਰਤੀ ਦੰਡ ਸ਼ੰਘਤਾ ਦੀ ਧਾਰਾ 21 ਦੇ ਅਰਥਾਂ ਅੰਦਰ ਲੋਕ ਸੇਵਕ ਸਮਝਿਆ ਜਾਵੇਗਾ।

ਨੇਕ-ਨੀਤੀ ਨਾਲ ਕੀਤੇ ਗਏ ਕਾਰਜ ਦੀ ਹਿਫ਼ਾਜਤ ।

28. ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੇ ਬਾਰੇ ਵਿੱਚ ਧਾਰਾ 27 ਅਧੀਨ ਲੋਕ ਸੇਵਕ ਸਮਝੇ ਗਏ ਕਿਸੇ ਵਿਅਕਤੀ ਦੇ ਵਿਰੁੱਧ, ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

1900 ਦੇ ਪੰਜਾਬ ਐਕਟ 2 ਨੂੰ ਲਾਗੂ ਕਰਨ ਤੇ ਰੋਕ ਨ ਹੋਣਾ ।

29. ਇਸ ਐਕਟ ਦੇ ਉਪਬੰਧ ਪੰਜਾਬ ਭੋਂ ਪਰਿਰੱਖਣ ਐਕਟ, 1900 ਤੋਂ ਇਲਾਵਾ ਅਤੇ ਨ ਕਿ ਇਸ ਦਾ ਅਲਪਣ ਕਰਨ ਵਾਲੇ ਹੋਣਗੇ।

ਨਿਯਮ ਬਣਾਉਣ ਦੀ ਸ਼ਕਤੀ ।

30. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ ਅਤੇ ਪੂਰਵ ਪ੍ਰਕਾਸ਼ਨ ਤੋਂ ਪਿੱਛੋਂ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ, ਅਤੇ ਪਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਵਿਸ਼ੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਉਹ ਤਰੀਕਾ ਜਿਸ ਦੁਆਰਾ ਧਾਰਾ 5 ਦੇ ਅਧੀਨ ਖਰੜਾ ਸਕੀਮ ਤਿਆਰ ਕੀਤੀ ਜਾਵੇਗੀ ਐਤ ਹੋਰ ਮਾਮਲੇ ਅਤੇ ਵੇਰਵੇ, ਜੋ ਉਸ ਵਿੱਚ ਸ਼ਾਮਲ ਕੀਤੇ ਜਾ ਸਕਦੇ ਹਨ;

(ਅ) ਉਹ ਤਰੀਕਾ ਜਿਸ ਦੁਆਰਾ ਧਾਰਾ 7 ਦੀ ਉਪ-ਧਾਰਾ (2) ਦੇ ਅਧੀਨ ਕੋਈ ਸਕੀਮ ਪ੍ਰਕਾਸ਼ਤ ਕੀਤੀ ਜਾਵੇਗੀ;

(ੲ) ਉਹ ਤਰੀਕਾ ਜਿਸ ਦੁਆਰਾ ਧਾਰਾ 14 ਦੀ ਉਪ-ਧਾਰਾ (4) ਦੇ ਅਧੀਨ ਕਾਰਜਾਂ ਨੂੰ ਸਿਰੇ ਚਾੜ੍ਹਨ ਵਿੱਚ ਹੋਏ ਖ਼ਰਚੇ ਵਸੂਲ ਕੀਤੇ ਜਾ ਸਕਦੇ ਹਨ;

(ਸ) ਉਹ ਫਾਰਮ ਜਿਸ ਵਿੱਚ ਧਾਰਾ 16 ਅਧੀਨ ਵਿਵਰਣ ਤਿਆਰ ਕੀਤਾ ਜਾਵੇਗਾ ਅਤੇ ਉਹ ਤਰੀਕਾ ਜਿਸ ਦੁਆਰਾ ਉਸ ਵਿੱਚ ਜ਼ਿਕਰ ਕੀਤੀਆਂ ਗਈਆਂ ਰਕਮਾਂ ਵਸੂਲ ਕੀਤੀਆਂ ਜਾ ਸਕਦੀਆਂ ਹਨ;

(ਹ) ਕਿਸੇ ਸਕੀਮ ਨਾਲ ਸੰਬੰਧਤ ਦਸਤਾਵੇਜ਼ਾਂ, ਯੋਜਨਾਵਾਂ ਅਤੇ ਨਕਸ਼ਿਆਂ ਦੀਆਂ ਪ੍ਰਮਾਣਤ ਨਕਲਾਂ ਪ੍ਰਾਪਤ ਕਰਨ ਲਈ ਫ਼ੀਸਾਂ ਦਾ ਪੈਮਾਨਾ;

(ਕ) ਇਸ ਐਕਟ ਦੁਆਰਾ ਮੁਕੱਰਰ ਕੀਤੇ ਜਾਣ ਲਈ ਇਜ਼ਾਜ਼ਤੀ ਜਾਂ ਲੋੜੀਂਦੇ ਹੋਰ ਸਾਰੇ ਮਾਮਲੇ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ ਉਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਅੱਗੇ, ਜਦ ਉਹ ਇਜਲਾਸ ਵਿੱਚ ਹੈ, ਦਸ ਦਿਨਾਂ ਦੀ ਕੁੱਲ ਮੁਦੱਤ ਲਈ ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਸ ਤੋਂ ਤੁਰੰਤ ਬਾਅਦ ਵਾਲੇ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ, ਵਿਧਾਨ ਮੰਡਲ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਵਿਧਾਨ ਮੰਡਲ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਕਿ ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਾਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

**ਬੀ.ਬੀ.ਐਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

ਡਿਸਕਲੇਮਰ:- ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3852/10-2026/Pb. Govt. Press, S.A.S. Nagar*

ਭਾਗ-1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 9 ਅਕਤੂਬਰ, 2026

**ਨੰ.73/ਭ:ਕ/2026.-** ਪੰਜਾਬ ਭੋਂ ਸੁਧਾਰ ਐਕਟ, 1972 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 9th October, 2026

**No.73/L.C./2026.-** The Translation in Punjabi of the Punjab Land Reforms Act, 1972 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

## ਪੰਜਾਬ ਭੋਂ ਸੁਧਾਰ ਐਕਟ, 1972

(1973 ਦਾ ਪੰਜਾਬ ਐਕਟ ਨੰ: 10)

ਪੰਜਾਬ ਰਾਜ ਵਿੱਚ ਭੋਂ ਜੋਤ ਦੀ ਉੱਚਤਮ ਸੀਮਾ, ਮੁਜ਼ਾਰਿਆਂ ਦੁਆਰਾ ਮਾਲਕੀ ਅਧਿਕਾਰਾਂ ਦਾ ਅਰਜਨ ਅਤੇ ਹੋਰ ਅਨੁਸੰਗਕ ਮਾਮਲਿਆਂ ਸਬੰਧੀ ਕਾਨੂੰਨ ਨੂੰ ਸੰਚਿਤ ਕਰਨ ਅਤੇ ਸੋਧਣ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਤੇਈਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਭੋਂ ਸੁਧਾਰ ਐਕਟ, 1972 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

(2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ ਤੇ ਹੈ।

(3) ਇਹ ਤੁਰੰਤ ਨਾਫ਼ਜ਼ ਹੋਵੇਗਾ।

### ਅਧਿਆਏ I

### ਪ੍ਰਾਰੰਭਕ

2. ਇਸ ਦੁਆਰਾ ਇਹ ਐਲਾਨ ਕੀਤਾ ਜਾਂਦਾ ਹੈ ਕਿ ਇਹ ਐਕਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 39 ਦੇ ਖੰਡਾਂ (ਅ) ਅਤੇ (ੲ) ਵਿੱਚ ਉਲਿਖਤ ਸਿਧਾਂਤਾਂ ਨੂੰ ਸੁਨਿਸ਼ਚਿਤ ਕਰਾਉਣ ਵੱਲ ਰਾਜ ਦੀ ਨੀਤੀ ਨੂੰ ਪ੍ਰਭਾਵੀ ਬਣਾਉਣ ਲਈ ਹੈ। ਕੁੱਝ ਕੁ ਨਿਰਦੇਸ਼ਕ ਸਿਧਾਤਾਂ ਨੂੰ ਪ੍ਰਭਾਵੀ ਬਣਾਉਣ ਬਾਬਤ ਐਲਾਨ।

ਪਰਿਭਾਸ਼ਾਵਾਂ। 3. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(1) "ਨਿਯਤ ਦਿਨ" ਦਾ ਮਤਲਬ ਹੈ 1971 ਦੀ ਜਨਵਰੀ ਦਾ ਚੌਵੀਵਾਂ ਦਿਨ;

(2) "ਬੰਜਰ ਭੋਂ" ਦਾ ਮਤਲਬ ਹੈ ਉਹ ਭੋਂ ਜੋ ਉਸ ਤਰੀਕ, ਜਿਸ ਨੂੰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਅਜਿਹੀ ਭੋਂ ਬੰਜਰ ਹੈ ਜਾਂ ਨਹੀਂ, ਤੋਂ ਤੁਰੰਤ ਪਹਿਲਾਂ ਘੱਟ ਤੋਂ ਘੱਟ ਚਾਰ ਸਾਲਾਂ ਦੀ ਲਗਾਤਾਰ ਮੁੱਦਤ ਲਈ ਅਣਕਾਸ਼ਤ ਰਹੀ ਹੈ;

(3) "ਕੁਲੈਕਟਰ" ਦਾ ਮਤਲਬ ਹੈ ਜ਼ਿਲ੍ਹੇ ਦਾ ਕੁਲੈਕਟਰ ਜਾਂ ਕੋਈ ਵੀ ਅਧਿਕਾਰੀ ਜਿਸ ਦਾ ਰੈਂਕ ਪਹਿਲੇ ਦਰਜੇ ਦੇ ਸਹਾਇਕ ਕੁਲੈਕਟਰ ਤੋਂ ਥੱਲੇ ਨਹੀਂ ਹੈ ਅਤੇ ਜੋ ਰਾਜ ਸਰਕਾਰ ਦੁਆਰਾ ਇਸ ਨਮਿੱਤ ਸ਼ਕਤੀ-ਪ੍ਰਾਪਤ ਹੈ;

(4) "ਪਰਿਵਾਰ" ਦਾ, ਕਿਸੇ ਵਿਅਕਤੀ ਦੇ ਸਬੰਧ ਵਿੱਚ ਮਤਲਬ ਹੈ ਉਹ ਵਿਅਕਤੀ, ਅਜਿਹੇ ਵਿਅਕਤੀ ਦੀ ਪਤਨੀ ਜਾਂ ਪਤੀ, ਜਿਹੀ ਕਿ ਸੂਰਤ ਹੋਵੇ, ਅਤੇ ਵਿਆਹਤ ਨਾਬਾਲਗ ਧੀ ਤੋਂ ਬਿਨਾਂ ਉਸ ਦੇ ਹੋਰ ਨਾਬਾਲਗ ਬੱਚੇ;

(5) "ਭੋਂ" ਦਾ ਮਤਲਬ ਹੈ ਉਹ ਭੋਂ ਜੋ ਕਿਸੇ ਨਗਰ ਜਾਂ ਪਿੰਡ ਵਿੱਚ ਕਿਸੇ ਇਮਾਰਤ ਦੇ ਸਥਲ ਦੇ ਤੌਰ ਤੇ ਮੱਲੀ ਹੋਈ ਨਹੀਂ ਹੈ ਅਤੇ ਜ਼ਰਾਇਤੀ ਪ੍ਰਯੋਜਨਾਂ ਲਈ ਜਾਂ ਖੇਤੀ ਦੇ ਅਨੁਸੇਵੀ ਪ੍ਰਯੋਜਨਾਂ ਲਈ ਜਾਂ ਚਰਾਂਦ ਨੇ ਮੱਲੀ ਹੋਈ ਹੈ ਜਾਂ ਪੱਟੇ ਤੇ ਦਿੱਤੀ ਹੋਈ ਹੈ ਅਤੇ ਇਸ ਵਿੱਚ-

(ੳ) ਅਜਿਹੀ ਭੋਂ ਤੇ ਇਮਾਰਤਾਂ ਦੇ ਸਥਲ ਅਤੇ ਹੋਰ ਬਣਤਾਂ; ਅਤੇ

(ਅ) ਬੰਜਰ ਭੋਂ,

ਵੀ ਸ਼ਾਮਲ ਹਨ;

(6) "ਭੋਂ ਮਾਲਕ" ਦਾ ਉਹ ਅਰਥ ਹੋਵੇਗਾ ਜੋ ਉਸ ਨੂੰ 'ਪੰਜਾਬ ਭੋਂ ਮਾਲੀਆ ਐਕਟ, 1887 (1887 ਦਾ ਪੰਜਾਬ ਐਕਟ XVII) ਵਿੱਚ ਦਿੱਤਾ ਗਿਆ ਹੈ;

ਵਿਆਖਿਆ.- ਬਾਕਬਜ਼ਾ ਰਹਿਨ ਭੋਂ ਦੇ ਬਾਰੇ ਵਿੱਚ ਰਹਿਨਦਾਰ ਭੋਂ ਮਾਲਕ ਸਮਝਿਆ ਜਾਵੇਗਾ;

(7) "ਨਾਬਾਲਗ" ਦਾ ਮਤਲਬ ਹੈ ਉਹ ਵਿਅਕਤੀ ਜਿਸ ਦੀ ਅਠਾਰਾਂ ਸਾਲ ਦੀ ਉਮਰ ਮੁਕੰਮਲ ਨਹੀਂ ਹੋਈ;

(8) "ਬਗੀਚਾ" ਦਾ ਮਤਲਬ ਹੈ ਭੋਂ ਦਾ ਗੁਥਵਾਂ ਖੇਤਰ ਜਿਸ ਤੇ ਫ਼ਲ ਦੇਣ ਵਾਲੇ ਰੁੱਖ ਇੰਨੀ ਗਿਣਤੀ ਵਿੱਚ ਉਗਾਏ ਗਏ ਹਨ ਕਿ ਉਸ ਭੋਂ ਦਾ ਵੱਡਾ ਭਾਗ ਕਿਸੇ ਹੋਰ ਜ਼ਰਾਇਤੀ ਪ੍ਰਯੋਜਨ ਲਈ ਵਰਤਿਆ ਜਾ

ਸਕਦਾ ਜਾਂ ਜਦ ਉਹ ਪੂਰੇ ਤੌਰ ਤੇ ਵੱਡੇ ਹੋ ਜਾਣਗੇ ਤਾਂ ਨਹੀਂ ਵਰਤਿਆ ਜਾ ਸਕੇਗਾ;

(9) "ਪੈਪਸੂ ਕਾਨੂੰਨ" ਦਾ ਮਤਲਬ ਹੈ 'ਪੈਪਸੂ ਕਿਰਾਏਦਾਰੀ ਅਤੇ ਜ਼ਰਾਇਤੀ ਭੋਂਆਂ ਐਕਟ, 1955';

(10) "ਵਿਅਕਤੀ" ਵਿੱਚ ਕੰਪਨੀ, ਪਰਿਵਾਰ, ਸਭਾ ਜਾਂ ਵਿਅਕਤੀਆਂ ਦੀ ਹੋਰ ਬੌਡੀ, ਭਾਵੇਂ ਨਿਗਮਤ ਹੋਵੇ ਜਾਂ ਨ, ਅਤੇ ਕੋਈ ਅਜਿਹੀ ਸੰਸਥਾ ਸ਼ਾਮਲ ਹੈ ਜੋ ਸੰਪੱਤੀ ਧਾਰਨ ਕਰ ਸਕਦੀ ਹੋਵੇ;

(11) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ;

(12) "ਪੰਜਾਬ ਕਾਨੂੰਨ" ਦਾ ਮਤਲਬ ਹੈ 'ਪੰਜਾਬ ਭੋਂ-ਦਾਰੀ ਸੁਰੱਖਿਆ ਐਕਟ, 1953';

(13) "ਖੁਦ-ਕਾਸ਼ਤ" ਦਾ ਮਤਲਬ ਹੈ ਭੋਂ-ਮਾਲਕ ਦੁਆਰਾ ਜਾਂ ਤਾਂ ਨਿੱਜੀ ਤੌਰ ਤੇ ਜਾਂ ਆਪਣੇ ਪਰਿਵਾਰ ਦੇ ਕਿਸੇ ਜੀਅ ਰਾਹੀਂ ਜਾਂ ਆਪਣੇ ਭਰਾ ਰਾਹੀਂ, ਜਾਂ ਭੋਂ-ਮਾਲਕ ਦੀ ਨਿੱਜੀ ਨਿਗਰਾਨੀ ਜਾਂ ਆਪਣੇ ਪਰਿਵਾਰ ਦੇ ਕਿਸੇ ਜੀਅ ਦੀ ਨਿਗਰਾਨੀ ਅਧੀਨ ਨੌਕਰ ਜਾਂ ਭਾੜੇ ਦੇ ਮਜ਼ਦੂਰ ਰਾਹੀਂ ਕਾਸ਼ਤ, ਇਸ ਸ਼ਰਤ ਦੇ ਤਾਬੇ ਕਿ ਨੌਕਰ ਜਾਂ ਭਾੜੇ ਦੇ ਮਜ਼ਦੂਰ ਨੂੰ ਉਜ਼ਰਤ ਨਕਦ ਜਾਂ ਜਿਨਸ ਦੇ ਰੂਪ ਵਿੱਚ ਜਾਂ ਅੰਸ਼ਕ ਤੌਰ ਤੇ ਨਕਦ ਅਤੇ ਅੰਸ਼ਕ ਤੌਰ ਤੇ ਜਿਨਸ ਦੇ ਰੂਪ ਵਿੱਚ ਅਦਾ ਕੀਤੀ ਜਾਂਦੀ ਹੈ ਪਰ ਉਪਜ ਦੇ ਹਿੱਸੇ ਦੇ ਰੂਪ ਵਿੱਚ ਨਹੀਂ;

(14) * * * *

(15) "ਵਾਫ਼ਰ ਰਕਬਾ" ਦਾ ਮਤਲਬ ਹੈ ਇਜ਼ਾਜਤੀ ਰਕਬੇ ਤੋਂ ਵਧਦਾ ਰਕਬਾ;

(16) "ਮੁਜ਼ਾਰਾ" ਦਾ ਅਰਥ ਉਹ ਹੈ ਜੋ ਉਸ ਨੂੰ 'ਪੰਜਾਬ ਕਿਰਾਏਦਾਰੀ ਐਕਟ, 1887' (1887 ਦਾ ਐਕਟ XVI) ਵਿੱਚ ਦਿੱਤਾ ਗਿਆ ਹੈ ਅਤੇ ਇਸ ਵਿੱਚ ਉਪ-ਮੁਜ਼ਾਰਾ ਅਤੇ ਖੁਦ-ਕਾਸ਼ਤ ਕਰਨ ਵਾਲਾ ਪੱਟੇਦਾਰ ਸ਼ਾਮਲ ਹੈ, ਪਰ ਇਸ ਵਿੱਚ ਵਰਤਮਾਨ ਧਾਰਕ, ਜਿਵੇਂ ਉਸ ਦੀ ਪਰਿਭਾਸ਼ਾ 'ਪੂਰਬੀ ਪੰਜਾਬ ਵਿਸਥਾਪਤ ਵਿਅਕਤੀ (ਭੋਂ ਮੁੜ-ਬੰਦੋਬਸਤ) ਐਕਟ, 1949' ਦੀ ਧਾਰਾ 2 ਦੇ ਖੰਡ (ਕ) ਵਿੱਚ ਕੀਤੀ ਗਈ ਹੈ, ਸ਼ਾਮਲ ਨਹੀਂ ਹੈ;

(17) ਹੋਰ ਸਭ ਸ਼ਬਦਾਂ ਅਤੇ ਪਦਾਂ ਦੇ, ਜੋ ਇੱਥੇ ਵਰਤੇ ਗਏ ਹਨ ਅਤੇ ਪਰਿਭਾਸ਼ਤ ਨਹੀਂ ਹਨ ਪਰ ਜੋ 'ਪੰਜਾਬ ਕਿਰਾਏਦਾਰੀ ਐਕਟ, 1887' (1887 ਦਾ ਪੰਜਾਬ ਐਕਟ XVI) ਜਾਂ ਪੰਜਾਬ ਮਾਲੀਆ ਐਕਟ, 1887 (1887 ਦਾ ਪੰਜਾਬ ਐਕਟ XVII) ਵਿੱਚ ਪਰਿਭਾਸ਼ਤ ਹਨ

ਅਰਥ ਉਹੀ ਹੋਣਗੇ, ਜੋ ਉਹਨਾਂ ਨੂੰ ਇਨ੍ਹਾਂ ਦੋਹਾਂ ਐਕਟਾਂ ਵਿੱਚੋਂ ਕਿਸੇ ਵਿੱਚ ਦਿੱਤੇ ਗਏ ਹਨ।

ਅਧਿਆਏ II

ਭੋਂ ਦੀ ਉੱਚਤਮ ਸੀਮਾ

ਇਜਾਜ਼ਤੀ ਰਕਬਾ।

4. (1) ਧਾਰਾ 5 ਦੇ ਉਪਬੰਧਾਂ ਦੇ ਤਾਬੇ, ਕੋਈ ਵਿਅਕਤੀ ਭੋਂ ਮਾਲਕ ਜਾਂ ਬਾਕਬਜ਼ਾ ਕਬਜ਼ਾ ਰਹਿਨਦਾਰ ਜਾਂ ਮੁਜ਼ਾਰੇ ਵਜੋਂ ਜਾਂ ਅੰਸ਼ਕ ਤੌਰ ਤੇ ਇੱਕ ਹੈਸੀਅਤ ਵਿੱਚ ਅਤੇ ਅੰਸ਼ਕ ਤੌਰ ਤੇ ਦੂਜੀ ਵਿੱਚ ਇਜਾਜ਼ਤੀ ਰਕਬੇ ਤੋਂ ਵੱਧ ਭੋਂ ਦਾ ਮਾਲਕ ਨਹੀਂ ਹੋਵੇਗਾ, ਨ ਉਸ ਰਕਬੇ ਤੋਂ ਵੱਧ ਭੋਂ ਧਾਰਨ ਕਰੇਗਾ।

(2) 'ਇਜਾਜ਼ਤੀ ਰਕਬੇ' ਦਾ ਮਤਲਬ ਹੋਵੇਗਾ-

(ੳ) ਸੁਨਿਸ਼ਚਿਤ ਸਿੰਜਾਈ ਅਧੀਨ ਅਤੇ ਸਾਲ ਵਿੱਚ ਘੱਟ ਤੋਂ ਘੱਟ ਦੋ ਫ਼ਸਲਾਂ ਦੇਣ ਦੇ ਸਮਰੱਥ ਭੋਂ ਬਾਰੇ (ਜਿਸ ਦਾ ਇਸ ਐਕਟ ਵਿੱਚ ਇਸ ਤੋਂ ਪਿੱਛੋਂ ਪਹਿਲੇ ਦਰਜੇ ਦੀ ਭੋਂ ਹਵਾਲਾ ਦਿੱਤਾ ਗਿਆ ਹੈ), ਸੱਤ ਹੈਕਟੇਅਰ, ਜਾਂ

(ਅ) ਸਾਲ ਵਿੱਚ ਕੇਵਲ ਇੱਕ ਫ਼ਸਲ ਲਈ ਸੁਨਿਸ਼ਚਿਤ ਸਿੰਜਾਈ ਅਧੀਨ ਭੋਂ ਬਾਰੇ, ਗਿਆਰਾਂ ਹੈਕਟੇਅਰ; ਜਾਂ

(ੲ) ਬਰਾਨੀ ਭੋਂ ਬਾਰੇ 20.5 ਹੈਕਟੇਅਰ; ਜਾਂ

(ਸ) ਹੋਰ ਵਰਗਾਂ ਦੀ ਭੋਂ ਬਾਰੇ ਜਿਸ ਵਿੱਚ ਬੰਜਰ ਭੋਂ ਸ਼ਾਮਲ ਹੈ, ਉਹ ਰਕਬਾ ਜੋ ਉੱਪਰ (ੳ), (ਅ) ਅਤੇ (ੲ) ਵਿੱਚ ਜ਼ਿਕਰ ਕੀਤੇ ਭੋਂ ਦੇ ਵਰਗਾਂ ਦੇ ਆਪੋ ਆਪਣੇ ਮੁੱਲ ਅਤੇ ਇਜਾਜ਼ਤੀ ਰਕਬੇ ਨੂੰ ਧਿਆਨ ਵਿੱਚ ਰੱਖਦੇ ਹੋਏ, ਅਜਿਹੇ ਵਰਗਾਂ ਦੀ ਸਿੰਜਾਈ ਦੀ ਮਾਤਰਾ, ਉਪਜਾਊਪਨ ਅਤੇ ਮਿੱਟੀ ਦੇ ਵਰਗੀਕਰਣ ਦੇ ਹਵਾਲੇ ਨਾਲ ਮੁਕੱਰਰ ਪੈਮਾਨੇ ਅਨੁਸਾਰ ਤੈਅ ਕੀਤਾ ਜਾਵੇ, ਪਰ ਇਸ ਸ਼ਰਤ ਦੇ ਤਾਬੇ ਕਿ ਇਸ ਤਰ੍ਹਾਂ ਤੈਅ ਕੀਤਾ ਰਕਬਾ 21.8 ਹੈਕਟੇਅਰ ਤੋਂ ਵੱਧ ਨਹੀਂ ਹੋਵੇਗਾ:

ਪਰੰਤੂ-

(i) ਜਿੱਥੇ ਭੋਂ ਦੋ ਜਾਂ ਵੱਧ ਵਰਗਾਂ ਤੋਂ ਮਿਲ ਕੇ ਬਣਦੀ ਹੈ, ਉੱਥੇ ਇਜਾਜ਼ਤੀ ਰਕਬਾ ਭੋਂ ਦੇ ਅਜਿਹੇ ਵਰਗਾਂ ਦੇ ਸਾਪੇਖ ਮੁੱਲ ਦੇ ਆਧਾਰ ਤੇ ਤੈਅ ਕੀਤਾ ਜਾਵੇਗਾ, ਪਰ ਇਸ ਸ਼ਰਤ ਦੇ ਤਾਬੇ ਕਿ ਇਹ 21.8 ਹੈਕਟੇਅਰ ਤੋਂ ਨ ਵਧੇ;

(ii) ਜਿੱਥੇ ਪਰਿਵਾਰ ਦੇ ਜੀਆਂ ਦੀ ਗਿਣਤੀ ਪੰਜ ਤੋਂ ਵੱਧ ਹੈ, ਉੱਥੇ ਪੰਜ ਤੋਂ ਵਧਦੇ ਹਰੇਕ ਜੀਅ ਲਈ ਇਜਾਜ਼ਤੀ ਰਕਬੇ ਵਿੱਚ ਇੱਕ-ਬਟਾ ਪੰਜ ਦਾ ਵਾਧਾ ਕਰ ਦਿੱਤਾ

ਜਾਵੇਗਾ ਪਰ ਇਸ ਸ਼ਰਤ ਦੇ ਤਾਬੇ ਕਿ ਅਤਿਰਿਕਤ ਭੋਂ ਵੱਧ ਤੋਂ ਵੱਧ ਅਜਿਹੇ ਤਿੰਨ ਜੀਆਂ ਨੂੰ ਦਿੱਤੀ ਜਾਵੇਗੀ।

(3) ਉਪ-ਧਾਰਾ (2) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਕੋਈ ਭੋਂ ਨਿਯਤ ਦਿਨ ਨੂੰ ਬਗੀਚੇ ਵਿੱਚ ਸਮਾਵਿਸ਼ਟ ਹੈ, ਉੱਥੇ ਇਜਾਜ਼ਤੀ ਰਕਬਾ ਤੈਅ ਕਰਨ ਦੇ ਪ੍ਰਯੋਜਨ ਲਈ ਅਜਿਹੀ ਭੋਂ ਬਰਾਨੀ ਭੋਂ ਮੰਨੀ ਜਾਵੇਗੀ।

(4) (ੳ) ਜਿੱਥੇ ਕੋਈ ਵਿਅਕਤੀ ਰਜਿਸਟਰਸ਼ੁਦਾ ਸਹਿਕਾਰੀ ਖੇਤੀ ਸੋਸਾਇਟੀ ਦਾ ਮੈਂਬਰ ਹੈ, ਉੱਥੇ ਇਜਾਜ਼ਤੀ ਰਕਬਾ ਤੈਅ ਕਰਨ ਲਈ ਅਜਿਹੀ ਸੋਸਾਇਟੀ ਦੁਆਰਾ ਧਾਰਨ ਕੀਤੀ ਭੋਂ ਵਿੱਚ ਉਸਦਾ ਹਿੱਸਾ, ਸਮੇਤ ਉਸ ਦੀ ਕਿਸੇ ਹੋਰ ਭੋਂ ਦੇ, ਜੇ ਕੋਈ ਹੋਵੇ, ਜਾਂ ਜੇ ਅਜਿਹਾ ਵਿਅਕਤੀ ਕਿਸੇ ਪਰਿਵਾਰ ਦਾ ਜੀਅ ਹੈ, ਤਾਂ ਉਸ ਪਰਿਵਾਰ ਦੇ ਹਰੇਕ ਜੀਅ ਦੁਆਰਾ ਧਾਰਨ ਕੀਤੀ ਭੋਂ ਸਮੇਤ, ਲੇਖੇ ਵਿੱਚ ਲਿਆ ਜਾਵੇਗਾ;

(ਅ) ਜਿੱਥੇ ਕੋਈ ਵਿਅਕਤੀ ਕਿਸੇ ਪਰਿਵਾਰ ਦਾ ਜੀਅ ਹੈ, ਉੱਥੇ ਇਜਾਜ਼ਤੀ ਰਕਬਾ ਤੈਅ ਕਰਨ ਲਈ ਅਜਿਹੇ ਵਿਅਕਤੀ ਦੁਆਰਾ ਧਾਰਨ ਕੀਤੀ ਭੋਂ ਉਸ ਪਰਿਵਾਰ ਦੇ ਹਰੇਕ ਹੋਰ ਜੀਅ ਦੁਆਰਾ ਭਾਵੇਂ ਵਿਅਕਤੀਗਤ ਰੂਪ ਵਿੱਚ ਜਾਂ ਸੰਯੁਕਤ ਰੂਪ ਵਿੱਚ ਧਾਰਨ ਕੀਤੀ ਭੋਂ ਸਮੇਤ ਲੇਖੇ ਵਿੱਚ ਲਈ ਜਾਵੇਗੀ।

(5) ਇਜਾਜ਼ਤੀ ਰਕਬਾ ਤੈਅ ਕਰਨ ਵਿੱਚ ਕੋਈ ਭੋਂ ਜੋ ਨਿਯਤ ਦਿਨ ਤੋਂ ਪਿੱਛੋਂ ਪਰ ਇਸ ਐਕਟ ਦੇ ਅਰੰਭ ਤੋਂ ਪਹਿਲਾਂ, ਵਿਕਰੀ ਦੁਆਰਾ, ਹਿੱਬੇ ਦੁਆਰਾ ਜਾਂ ਹੋਰਵੇਂ ਮੁੰਤਕਿਲ ਕੀਤੀ ਗਈ ਸੀ, ਸਦਭਾਵ ਪੂਰਬਕ ਵਿਕਰੀ ਜਾਂ ਇੰਤਕਾਲ ਨੂੰ ਛੱਡ ਕੇ, ਇਸ ਤਰ੍ਹਾਂ ਲੇਖੇ ਵਿੱਚ ਲਈ ਜਾਵੇਗੀ ਜਿਵੇਂ ਉਹ ਭੋਂ ਮੁੰਤਕਿਲ ਨ ਕੀਤੀ ਗਈ ਹੋਵੇ ਅਤੇ ਇੰਤਕਾਲ ਦਾ ਸਦਭਾਵ ਪੂਰਬਕ ਹੋਣਾ ਸਾਬਤ ਕਰਨ ਦਾ ਭਾਰ ਇੰਤਕਾਲਕਾਰ ਤੇ ਹੋਵੇਗਾ।

(6) ਭੋਂ ਦੇ ਮੁਲਅੰਕਣ ਦੇ ਪ੍ਰਯੋਜਨ ਲਈ ਬੰਜਰ ਭੋਂ ਦੇ ਸਵਾ ਹੈਕਟੇਅਰ ਦਾ ਮੁੱਲ ਬਰਾਨੀ ਭੋਂ ਦੇ ਇੱਕ ਹੈਕਟੇਅਰ ਦੇ ਤੁੱਲ ਸਮਝਿਆ ਜਾਵੇਗਾ।

(7) ਇਸ ਐਕਟ ਅਧੀਨ ਕਿਸੇ ਵੀ ਸਮੇਂ ਕਿਸੇ ਵਿਅਕਤੀ ਦੀ ਭੋਂ ਦੇ ਮੁੱਲ-ਅੰਕਣ ਲਈ, ਉਸ ਦਾ ਜੋ ਇਸ ਐਕਟ ਦੇ ਅਰੰਭ ਤੋਂ ਤੁਰੰਤ ਪਹਿਲਾਂ ਉਸਦੀ ਮਲਕੀਅਤ ਸੀ ਅਤੇ ਨਾਲੇ ਉਸ ਭੋਂ ਦਾ ਜੋ ਉਸ ਨੇ ਅਜਿਹੇ ਅਰੰਭ ਤੋਂ ਪਿੱਛੋਂ ਵਿਰਾਸਤ, ਵਸੀਅਤ ਜਾਂ ਹਿੱਬੇ ਦੁਆਰਾ ਉਸ ਵਿਅਕਤੀ ਤੋਂ ਅਰਜਤ ਕੀਤੀ ਜਿਸ ਦਾ ਉਹ ਵਾਰਸ ਹੈ, ਮੁੱਲਅੰਕਣ ਇਸ ਤਰ੍ਹਾਂ ਕੀਤਾ ਜਾਵੇਗਾ ਮਾਨੋਂ ਉਹ ਮੁੱਲਅੰਕਣ ਨਿਯਤ ਦਿਨ ਨੂੰ ਕੀਤਾ ਜਾ ਰਿਹਾ ਸੀ ਅਤੇ ਉਸ ਦੁਆਰਾ ਅਜਿਹੇ ਅਰੰਭ ਤੋਂ ਪਿੱਛੋਂ ਕਿਸੇ ਹੋਰ

ਤਰੀਕੇ ਨਾਲ ਅਰਜਤ ਦਾ ਮੁੱਲਅੰਕਣ ਇਸ ਤਰ੍ਹਾਂ ਕੀਤਾ ਜਾਵੇਗਾ ਮਾਨੋਂ ਉਹ ਮੁੱਲਅੰਕਣ ਅਜਿਹੇ ਅਰਜਨ ਦੀ ਤਰੀਕ ਨੂੰ ਕੀਤਾ ਜਾ ਰਿਹਾ ਸੀ।

ਇਜਾਜ਼ਤੀ ਰਕਬੇ ਦੀ ਚੋਣ ਅਤੇ ਕੁੱਝ ਕੁ ਵਿਅਕਤੀਆਂ ਦੁਆਰਾ ਐਲਾਨਨਾਮਾ ਦੇਣਾ।

5. (1) ਹਰੇਕ ਵਿਅਕਤੀ, ਜੋ ਨਿਯਤ ਦਿਨ ਨੂੰ ਜਾਂ ਉਸ ਤੋਂ ਪਿੱਛੋਂ ਕਿਸੇ ਵੀ ਸਮੇਂ, ਮਾਲਕ ਜਾਂ ਬਾਕਬਜ਼ਾ ਰਹਿਨਦਾਰ ਜਾਂ ਮੁਜ਼ਾਰੇ ਵਜੋਂ ਜਾਂ ਅੰਸ਼ਕ ਤੌਰ ਤੇ ਇੱਕ ਹੈਸੀਅਤ ਵਿੱਚ ਅਤੇ ਅੰਸ਼ਕ ਤੌਰ ਤੇ ਦੂਜੀ ਵਿੱਚ, ਇਜਾਜ਼ਤੀ ਰਕਬੇ ਤੋਂ ਵੱਧ ਭੋਂ ਦਾ ਮਾਲਕ ਜਾਂ ਧਾਰਕ ਹੈ, ਆਪਣੇ ਇਜਾਜ਼ਤੀ ਰਕਬੇ ਦੀ ਚੋਣ ਕਰੇਗਾ ਅਤੇ ਆਪਣੀ ਚੋਣ ਦੀ ਇਤਲਾਹ, ਅਜਿਹੇ ਫ਼ਾਰਮ ਵਿੱਚ ਅਤੇ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਮੁੱਦਤ ਦੇ ਅੰਦਰ, ਜੋ ਮੁਕੱਰਰ ਕੀਤੀ ਜਾਵੇ, ਦਿੱਤੇ ਜਾਣ ਵਾਲੇ ਇੱਕ ਐਲਾਨਨਾਮੇ ਰਾਹੀਂ ਕੁਲੈਕਟਰ ਨੂੰ, ਅਤੇ ਜਿੱਥੇ ਭੋਂ ਇੱਕ ਤੋਂ ਵੱਧ ਜ਼ਿਲ੍ਹਿਆਂ ਵਿੱਚ ਸਥਿਤ ਹੈ ਉੱਥੇ ਸਬੰਧਤ ਕੁਲੈਕਟਰਾਂ ਨੂੰ ਦੇਵੇਗਾ ਅਤੇ ਜੇ ਅਜਿਹੇ ਵਿਅਕਤੀ ਦਾ ਬਾਲਗ ਪੁੱਤਰ ਹੈ ਜਾਂ ਬਾਲਗ ਪੁੱਤਰੀ ਹੈ ਤਾਂ ਉਹ ਆਪਣੀ ਮਲਕੀਅਤੀ ਜਾਂ ਧਾਰਨ ਕੀਤੀ ਹੋਈ ਭੋਂ ਵਿੱਚੋਂ ਹਰੇਕ ਅਜਿਹੇ ਪੁੱਤਰ ਜਾਂ ਪੁੱਤਰੀ ਦੇ ਬਾਰੇ ਵੱਖਰਾ ਇਜਾਜ਼ਤੀ ਰਕਬਾ ਚੁਣਨ ਦਾ ਹੱਕਦਾਰ ਹੋਵੇਗਾ, ਪਰ ਇਸ ਸ਼ਰਤ ਦੇ ਤਾਬੇ ਕਿ ਇਸ ਤਰ੍ਹਾਂ ਚੁਣੀ ਭੋਂ ਸਮੇਤ ਉਸ ਭੋਂ ਦੇ, ਜੋ ਪਹਿਲਾਂ ਹੀ ਅਜਿਹੇ ਪੁੱਤਰ ਜਾਂ ਪੁੱਤਰੀ ਦੀ ਮਲਕੀਅਤ ਹੋਵੇ ਜਾਂ ਉਨ੍ਹਾਂ ਨੇ ਧਾਰਨ ਕੀਤੀ ਹੋਈ ਹੋਵੇ, ਅਜਿਹੇ ਹਰੇਕ ਪੁੱਤਰ ਜਾਂ ਪੁੱਤਰੀ ਦੇ ਇਜਾਜ਼ਤੀ ਰਕਬੇ ਤੋਂ ਵੱਧ ਨਹੀਂ ਹੋਵੇਗੀ:

ਪਰੰਤੂ ਜਿੱਥੇ ਭੋਂ ਇੱਕ ਤੋਂ ਵੱਧ ਪਟਵਾਰ ਹਲਕਿਆਂ ਵਿੱਚ ਸਥਿਤ ਹੈ, ਉੱਥੇ ਐਲਾਨਨਾਮਾ ਮੁਕੱਰਰ ਫਾਰਮ ਵਿੱਚ ਹਲਫ਼ੀਆ ਬਿਆਨ ਦੁਆਰਾ ਸਮਰੱਥਤ ਹੋਵੇਗਾ।

(2) ਚੋਣ ਕਰਨ ਵਿੱਚ ਅਜਿਹਾ ਵਿਅਕਤੀ, ਪ੍ਰਥਮੇ, ਬਿਨਾਂ ਕਬਜ਼ਾ ਰਹਿਨ ਕੀਤੀ ਭੋਂ, ਅਤੇ ਦੂਜੇ ਉਪ-ਧਾਰਾ (1) ਅਧੀਨ ਐਲਾਨਨਾਮਾ ਦੇਣ ਲਈ ਮੁਕੱਰਰ ਮੁੱਦਤ ਦੇ ਅਰੰਭ ਦੀ ਤਰੀਕ ਨੂੰ ਖ਼ੁਦ-ਕਾਸ਼ਤ ਅਧੀਨ ਭੋਂ ਸ਼ਾਮਲ ਕਰੇਗਾ, ਪਰ ਪੰਜਾਬ ਕਾਨੂੰਨ, ਪੈਪਸੂ ਕਾਨੂੰਨ ਜਾਂ ਇਸ ਐਕਟ ਅਧੀਨ ਵਾਫ਼ਰ ਐਲਾਨ ਕੀਤਾ ਰਕਬਾ, ਰਾਜ ਸਰਕਾਰ ਦੁਆਰਾ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਵਰਤੋਂ ਕਰਨ ਤੋਂ ਛੋਟ ਪ੍ਰਾਪਤ ਰਕਬੇ ਤੋਂ ਬਿਨਾਂ ਹੋਰ, ਸ਼ਾਮਲ ਨਹੀਂ ਕਰੇਗਾ।

ਉਸ ਸੂਰਤ ਵਿੱਚ ਜਾਣਕਾਰੀ ਇਕੱਤਰ ਕਰਨਾ ਜਿੱਥੇ ਐਲਾਨਨਾਮਾ ਨਹੀਂ ਦਿੱਤਾ ਜਾਂਦਾ।

6. ਜੇ ਕੋਈ ਵਿਅਕਤੀ ਧਾਰਾ 5 ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਐਲਾਨਨਾਮਾ ਦੇਣ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਕੁਲੈਕਟਰ ਲੋੜੀਂਦੀ ਜਾਣਕਾਰੀ ਮੁਕੱਰਰ ਤਰੀਕੇ ਨਾਲ ਹਾਸਲ ਕਰੇਗਾ।

ਇਜਾਜ਼ਤੀ ਅਤੇ ਵਾਫ਼ਰ ਰਕਬੇ ਤੈਅ ਕਰਨਾ।

7. (1) ਧਾਰਾ 5 ਅਧੀਨ ਦਿੱਤੇ ਐਲਾਨਨਾਮੇ ਵਿੱਚ ਦਿੱਤੀ ਜਾਣਕਾਰੀ ਜਾਂ, ਜਿਹੀ ਕਿ ਸੂਰਤ ਹੋਵੇ, ਧਾਰਾ 6 ਅਧੀਨ ਹਾਸਲ ਕੀਤੀ ਜਾਣਕਾਰੀ ਦੇ ਆਧਾਰ ਤੇ ਅਤੇ ਅਜਿਹੀ ਜਾਂਚ ਕਰਨ ਪਿੱਛੋਂ, ਜੋ ਕੁਲੈਕਟਰ ਠੀਕ ਸਮਝੇ, ਉਹ ਭੋਂ-ਮਾਲਕ ਜਾਂ,

ਜਿਹੀ ਕਿ ਸੂਰਤ ਹੋਵੇ, ਮੁਜ਼ਾਰੇ ਦਾ ਇਜਾਜ਼ਤੀ ਰਕਬਾ ਅਤੇ ਵਾਫ਼ਰ ਰਕਬਾ ਹੁਕਮ ਦੁਆਰਾ ਤੈਅ ਕਰੇਗਾ।

(2) ਜੇ ਕੋਈ ਵਿਅਕਤੀ ਜਿਸ ਦਾ ਹਵਾਲਾ ਧਾਰਾ 5 ਦੀ ਉਪ-ਧਾਰਾ (1) ਵਿੱਚ ਦਿੱਤਾ ਗਿਆ ਹੈ ਐਲਾਨਨਾਮਾ ਦੇਣ ਵਿੱਚ ਅਸਫ਼ਲ ਰਹੇਗਾ ਜਾਂ ਅਜਿਹਾ ਐਲਾਨਨਾਮਾ ਦਾਖ਼ਲ ਕਰੇਗਾ ਜਿਸ ਵਿੱਚ ਝੂਠੀ ਜਾਣਕਾਰੀ ਦਰਜ ਹੋਵੇ ਜਾਂ ਜਿਸ ਦਾ ਝੂਠਾ ਹੋਣਾ ਉਹ ਜਾਣਦਾ ਹੋਵੇ ਜਾਂ ਝੂਠ ਹੋਣ ਦੇ ਵਿਸ਼ਵਾਸ ਦਾ ਕਾਰਨ ਰੱਖਦਾ ਹੋਵੇ, ਜਾਂ ਜਿਸ ਦੇ ਸੱਚੇ ਹੋਣ ਦਾ ਉਸ ਨੂੰ ਵਿਸ਼ਵਾਸ ਨ ਹੋਵੇ, ਉਹ ਕੈਦ ਨਾਲ, ਜੋ ਦੋ ਸਾਲ ਤੱਕ ਦੀ ਹੋ ਸਕੇਗੀ, ਜਾਂ ਜੁਰਮਾਨੇ ਨਾਲ ਜੋ ਦੋ ਹਜਾਰ ਰੁਪਏ ਤੱਕ ਹੋ ਸਕੇਗਾ, ਜਾਂ ਦੋਹਾਂ ਨਾਲ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

(3) * * * * *

(4) ਕਿਸੇ ਵਿਅਕਤੀ ਦਾ ਵਾਫ਼ਰ ਰਕਬਾ ਤੈਅ ਕਰਨ ਦੇ ਪ੍ਰਯੋਜਨ ਲਈ,-

(i) ਕਿਸੇ ਅਦਾਲਤ ਜਾਂ ਹੋਰ ਅਥਾਰਟੀ ਦਾ ਕੋਈ ਨਿਰਣਾ, ਡਿਗਰੀ ਜਾਂ ਹੁਕਮ ਜੋ ਨਿਯਤ ਦਿਨ ਨੂੰ ਜਾਂ ਤੋਂ ਪਿੱਛੋਂ ਹਾਸਲ ਕੀਤਾ ਗਿਆ ਹੈ ਜਿਸ ਦਾ ਪ੍ਰਭਾਵ ਅਜਿਹੇ ਵਿਅਕਤੀ ਦੇ ਵਾਫ਼ਰ ਰਕਬੇ ਨੂੰ ਘੱਟ ਕਰਨ ਦਾ ਹੈ;

(ii) ਕੋਈ ਮੁਜ਼ਾਰਗੀ ਭੋਂ ਜੋ ਨਿਯਤ ਦਿਨ ਨੂੰ ਜਾਂ ਤੋਂ ਪਿੱਛੋਂ ਕਿਸੇ ਅਜਿਹੀ ਭੋਂ ਵਿੱਚ ਸਿਰਜਤ ਕੀਤੀ ਗਈ ਹੈ, ਜਿਸ ਨੂੰ ਪੰਜਾਬ ਕਾਨੂੰਨ, ਪੈਪਸੂ ਕਾਨੂੰਨ ਜਾਂ ਇਸ ਐਕਟ ਅਧੀਨ ਅਜਿਹੇ ਵਿਅਕਤੀ ਦਾ ਵਾਫ਼ਰ ਰਕਬਾ ਐਲਾਨ ਕੀਤਾ ਜਾ ਚੁੱਕਾ ਹੈ ਜਾਂ ਕੀਤਾ ਜਾ ਸਕਦਾ ਸੀ, ਅੱਖੋਂ ਉਹਲੇ ਕਰ ਦਿੱਤੀ ਜਾਵੇਗੀ।

ਅਣਵਰਤੇ ਵਾਫ਼ਰ ਰਕਬੇ ਦਾ ਰਾਜ ਸਰਕਾਰ ਵਿੱਚ ਨਿਹਿਤ ਹੋਣਾ।

8. ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ, ਰਿਵਾਜ ਜਾਂ ਪ੍ਰਥਾ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪਰ ਧਾਰਾ 15 ਦੇ ਉਪਬੰਧਾਂ ਦੇ ਤਾਬੇ, ਉਹ ਵਾਫ਼ਰ ਰਕਬਾ ਜੋ ਪੰਜਾਬ ਕਾਨੂੰਨ ਜਾਂ ਪੈਪਸੂ ਕਾਨੂੰਨ ਅਧੀਨ ਅਜਿਹੇ ਰਕਬੇ ਵਜੋਂ ਐਲਾਨਿਆ ਗਿਆ ਹੈ ਜੋ ਇਸ ਐਕਟ ਦੇ ਅਰੰਭ ਤੱਕ ਵਰਤੋਂ ਵਿੱਚ ਨਹੀਂ ਲਿਆਂਦਾ ਗਿਆ ਅਤੇ ਉਹ ਵਾਫ਼ਰ ਰਕਬਾ ਜੋ ਇਸ ਐਕਟ ਅਧੀਨ ਅਜਿਹੇ ਰਕਬੇ ਵਜੋਂ ਐਲਾਨਿਆ ਗਿਆ ਹੈ, ਉਸ ਤਰੀਕ ਨੂੰ ਜਿਸ ਨੂੰ ਰਾਜ ਸਰਕਾਰ ਦੁਆਰਾ ਜਾਂ ਦੇ ਨਮਿੱਤ ਉਸ ਦਾ ਕਬਜ਼ਾ ਲਿਆ ਜਾਂਦਾ ਹੈ, ਸਭ ਪ੍ਰਭਾਰਾਂ ਤੋਂ ਮੁਕਤ ਰਾਜ ਸਰਕਾਰ ਵਿੱਚ ਨਿਹਿਤ ਹੋ ਜਾਵੇਗਾ ਅਤੇ ਕਿਸੇ ਮੁਜ਼ਾਰੇ ਦੇ ਅਜਿਹੇ ਵਾਫ਼ਰ ਰਕਬੇ ਦੀ ਸੂਰਤ ਵਿੱਚ ਜੋ ਭੋਂ ਮਾਲਕ ਦੇ ਇਜਾਜ਼ਤੀ ਰਕਬੇ ਵਿੱਚ ਸ਼ਾਮਲ ਕੀਤਾ ਗਿਆ ਹੈ, ਅਜਿਹੇ ਰਕਬੇ ਵਿੱਚ ਮੁਜ਼ਾਰੇ ਦਾ ਅਧਿਕਾਰ ਅਤੇ ਹਿੱਤ ਉਪਰੋਕਤ ਤਰੀਕ ਨੂੰ ਸਮਾਪਤ ਹੋ ਜਾਵੇਗਾ:

ਪਰੰਤੂ ਜਿੱਥੇ ਵਾਫ਼ਰ ਰਕਬੇ ਅਧੀਨ ਆਉਂਦੀ ਕੋਈ ਭੋਂ ਬਾਕਬਜ਼ਾ ਰਹਿਨ ਹੈ, ਉੱਥੇ ਕੇਵਲ ਰਹਿਨਦਾਰ ਦੇ ਅਧਿਕਾਰ ਰਾਜ ਸਰਕਾਰ ਵਿੱਚ ਨਿਹਿਤ ਹੋਣਗੇ।

ਵਾਫ਼ਰ ਰਕਬੇ ਦਾ ਕਬਜ਼ਾ ਲੈਣ ਦੀ ਸਕਤੀ।

9. (1) ਜਦ ਕੋਈ ਰਕਬਾ, ਪੰਜਾਬ ਕਾਨੂੰਨ ਜਾਂ ਪੈਪਸੂ ਕਾਨੂੰਨ ਅਧੀਨ ਵਾਫ਼ਰ ਹੋ ਗਿਆ ਹੈ ਜਾਂ ਇਸ ਐਕਟ ਅਧੀਨ ਵਾਫ਼ਰ ਹੋ ਜਾਂਦਾ ਹੈ, ਤਦ ਉਸ ਪਿੱਛੋਂ ਕੁਲੈਕਟਰ, ਭੋਂ ਮਾਲਕ ਜਾਂ ਮੁਜ਼ਾਰੇ ਜਾਂ ਕਿਸੇ ਹੋਰ ਅਜਿਹੇ ਵਿਅਕਤੀ ਨੂੰ ਜਿਸ ਦਾ ਅਜਿਹੇ ਰਕਬੇ ਤੇ ਕਬਜ਼ਾ ਹੈ, ਲਿਖਤੀ ਹੁਕਮ ਦੁਆਰਾ ਨਿਰਦੇਸ਼ ਦੇ ਸਕੇਗਾ ਕਿ ਅਜਿਹੇ ਹੁਕਮ ਦੀ ਉਸ ਤੇ ਤਾਮੀਲ ਦੇ ਦਸ ਦਿਨਾਂ ਦੇ ਅੰਦਰ, ਉਸ ਦਾ ਕਬਜ਼ਾ ਅਜਿਹੇ ਵਿਅਕਤੀ ਦੇ ਹਵਾਲੇ ਕਰ ਦੇਵੇ ਜੋ ਹੁਕਮ ਵਿੱਚ ਉਲਿਖਤ ਕੀਤਾ ਜਾਵੇ।

(2) ਜੇ ਭੋਂ ਮਾਲਕ ਜਾਂ ਮੁਜ਼ਾਰਾ ਜਾਂ ਕੋਈ ਹੋਰ ਵਿਅਕਤੀ ਜਿਸ ਦੇ ਕਬਜ਼ੇ ਵਿੱਚ ਅਜਿਹਾ ਰਕਬਾ ਹੈ, ਉਪ-ਧਾਰਾ (1) ਅਧੀਨ ਕੀਤੇ ਹੁਕਮ ਦੀ ਪਾਲਣਾ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਯੋਗ ਕਾਰਨ ਤੋਂ ਬਿਨਾਂ ਅਸਫ਼ਲ ਰਹਿੰਦਾ ਹੈ, ਤਾਂ ਕੁਲੈਕਟਰ ਉਸ ਰਕਬੇ ਦਾ ਕਬਜ਼ਾ ਲੈ ਸਕੇਗਾ ਅਤੇ ਉਸ ਪ੍ਰਯੋਜਨ ਲਈ ਅਜਿਹਾ ਬਲ ਵਰਤ ਸਕੇਗਾ ਜੋ ਜ਼ਰੂਰੀ ਹੋਵੇ।

ਵਾਫ਼ਰ ਰਕਬੇ ਲਈ ਅਦਾਇਗੀਯੋਗ ਰਕਮ।

10. (1) ਕੁਲੈਕਟਰ ਜਾਂ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਖ਼ਤਿਆਰਤ ਅਧਿਕਾਰੀ ਉਸ ਭੋਂ ਲਈ ਜੋ ਧਾਰਾ 8 ਅਧੀਨ ਰਾਜ ਸਰਕਾਰ ਵਿੱਚ ਨਿਹਿਤ ਹੋ ਗਈ ਹੈ, ਅਦਾ ਕੀਤੀ ਜਾਣ ਵਾਲੀ ਰਕਮ, ਇਸ ਤੋਂ ਪਿੱਛੋਂ ਦਿੱਤੇ ਸਿਧਾਂਤਾਂ ਦੀ ਅਨੁਸਾਰਤਾ ਵਿੱਚ ਤੈਅ ਕਰੇਗਾ, ਅਰਥਾਤ:-

(i) ਭੋਂ ਦੇ ਪਹਿਲੇ ਤਿੰਨ ਹੈਕਟੇਅਰਾਂ ਲਈ, ਵੱਧ ਤੋਂ ਵੱਧ ਪੰਜ ਹਜਾਰ ਰੁਪਏ ਪ੍ਰਤੀ ਹੈਕਟੇਅਰ ਦੇ ਤਾਬੇ, ਉਚਿਤ ਲਗਾਨ ਦਾ ਬਾਰਾਂ ਗੁਣਾ;

(ii) ਭੋਂ ਦੇ ਅਗਲੇ ਤਿੰਨ ਹੈਕਟੇਅਰਾਂ ਲਈ, ਵੱਧ ਤੋਂ ਵੱਧ ਤਿੰਨ ਹਜਾਰ ਸੱਤ ਸੌ ਅਤੇ ਪੰਜਾਹ ਰੁਪਏ ਪ੍ਰਤੀ ਹੈਕਟੇਅਰ ਦੇ ਤਾਬੇ, ਉਚਿਤ ਲਗਾਨ ਦਾ ਨੌਂ ਗੁਣਾ; ਅਤੇ

(iii) ਬਾਕੀ ਦੀ ਭੋਂ ਲਈ, ਵੱਧ ਤੋਂ ਵੱਧ ਦੋ ਹਜਾਰ ਪੰਜ ਸੌ ਰੁਪਏ ਪ੍ਰਤੀ ਹੈਕਟੇਅਰ ਦੇ ਤਾਬੇ, ਉਚਿਤ ਲਗਾਨ ਦਾ ਛੇ ਗੁਣਾ।

ਵਿਆਖਿਆ.- ਇਸ ਉਪ-ਧਾਰਾ ਦੇ ਪ੍ਰਯੋਜਨ ਲਈ, 'ਉਚਿਤ ਲਗਾਨ' ਦਾ ਮਤਲਬ ਹੋਵੇਗਾ, ਕੁਲੈਕਟਰ ਜਾਂ ਅਜਿਹੇ ਅਧਿਕਾਰੀ ਦੁਆਰਾ ਜੋ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਖ਼ਤਿਆਰਤ ਕੀਤਾ ਜਾਵੇ, ਭੋਂ ਦੀ ਮੁਕੱਰਰ ਤਰੀਕੇ ਨਾਲ ਤੈਅ ਕੀਤੀ ਕੁੱਲ ਉਪਜ ਦੇ ਇੱਕ ਬਟਾ ਪੰਜ ਦਾ ਮੁੱਲ।

(2) ਉਪ-ਧਾਰਾ (1) ਦੇ ਪ੍ਰਯੋਜਨਾਂ ਲਈ, ਕੁਲੈਕਟਰ ਜਾਂ ਅਜਿਹਾ ਅਧਿਕਾਰੀ ਜੋ ਰਾਜ ਸਰਕਾਰ ਦੁਆਰਾ ਅਖ਼ਤਿਆਰਤ ਕੀਤਾ ਜਾਵੇ, ਅਜਿਹੇ ਫ਼ਾਰਮ ਵਿੱਚ ਅਤੇ ਅਜਿਹੇ ਤਰੀਕੇ ਨਾਲ ਜੋ ਮੁਕੱਰਰ ਕੀਤਾ ਜਾਵੇ ਇੱਕ ਵਿਵਰਣ ਤਿਆਰ ਕਰੇਗਾ ਅਤੇ ਮੁਕੱਰਰ ਜ਼ਾਬਤੇ ਦੀ ਪੈਰਵੀ ਕਰਨ ਪਿੱਛੋਂ, ਭੋਂ ਵਿੱਚ ਹਿੱਤ ਰੱਖਣ ਵਾਲੇ ਵਿਅਕਤੀਆਂ ਵਿਚਕਾਰ ਮੁਜ਼ਾਰਿਆਂ ਨੂੰ ਸ਼ਾਮਲ ਕਰਕੇ, ਰਕਮ ਦੀ ਹਿੱਸੇ-ਵੰਡ ਕਰੇਗਾ।

(3) ਜਿੱਥੇ ਕਿਸੇ ਵਿਅਕਤੀ ਦੇ ਵਾਫ਼ਰ ਰਕਬੇ ਵਿੱਚ ਰਹਿਨਦਾਰ ਦੇ ਅਧਿਕਾਰ ਰਾਜ ਸਰਕਾਰ ਵਿੱਚ ਨਿਹਿਤ ਹੋ ਗਏ ਹਨ, ਉੱਥੇ ਰਹਿਨਦਾਰ ਨੂੰ ਅਦਾਇਗੀਯੋਗ ਰਕਮ, ਜਾਂ ਤਾਂ ਰਹਿਨਦਾਰ ਨੂੰ ਦੇਣਯੋਗ ਰਹਿਨਧਨ ਜਾਂ ਇਸ ਧਾਰਾ ਅਧੀਨ ਅਦਾਇਗੀਯੋਗ ਰਕਮ, ਇਨ੍ਹਾਂ ਵਿੱਚੋਂ ਜੋ ਵੀ ਘੱਟ ਹੋਵੇ, ਹੋਵੇਗੀ।

(4) ਰਕਮ ਜਾਂ ਤਾਂ ਇੱਕਮੁਸ਼ਤ ਜਾਂ ਵੱਧ ਤੋਂ ਵੱਧ ਪੰਦਰਾਂ ਛਿਮਾਹੀ ਕਿਸ਼ਤਾਂ ਵਿੱਚ ਮੁਕੱਰਰ ਤਰੀਕੇ ਨਾਲ ਅਦਾਇਗੀਯੋਗ ਹੋਵੇਗੀ:

ਪਰੰਤੂ ਰਕਮ, ਪ੍ਰਥਮੇ ਸਰਕਾਰ ਨੂੰ ਦੇਣਯੋਗ ਰਕਮਾਂ ਦਾ ਭੁਗਤਾਨ ਕਰਨ ਲਈ, ਦੂਜੇ ਸੁਰੱਖਿਅਤ ਲੈਣਦਾਰਾਂ ਦੇ ਦਾਅਵਿਆਂ ਦੀ ਪੂਰਤੀ ਅਤੇ ਤਦ ਹੋਰ ਦਾਅਵੇਦਾਰਾਂ ਨੂੰ ਦੇਣਯੋਗ ਰਕਮਾਂ ਅਦਾ ਕਰਨ ਲਈ ਵਰਤੀ ਜਾਵੇਗੀ।

11. (1) ਵਾਫ਼ਰ ਰਕਬਾ ਜੋ ਧਾਰਾ 8 ਅਧੀਨ ਰਾਜ ਸਰਕਾਰ ਵਿੱਚ ਨਿਹਿਤ ਹੋ ਗਿਆ ਹੈ, ਰਾਜ ਸਰਕਾਰ ਦੇ ਅਖ਼ਤਿਆਰ ਵਿੱਚ ਹੋਵੇਗਾ। ਵਾਫ਼ਰ ਰਕਬੇ ਦਾ ਨਿਬੇੜਾ।

(2) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਪੰਜਾਬ ਕਾਨੂੰਨ, ਪੈਪਸੂ ਕਾਨੂੰਨ ਜਾਂ ਇਸ ਐਕਟ ਅਧੀਨ ਵਾਫ਼ਰ ਰਕਬੇ ਦੀ ਵਰਤੋਂ ਲਈ,–

(ੳ) ਅਜਿਹੀ ਭੋਂ ਦੇ ਬਾਰੇ ਮੁਜ਼ਾਰਿਆਂ ਨੂੰ ਮਾਲਕੀ ਦੇ ਅਧਿਕਾਰ ਪ੍ਰਦਾਨ ਕਰਨ ਦੁਆਰਾ, ਜੋ ਅਜਿਹੇ ਮੁਜ਼ਾਰੇ ਦੇ ਭੋਂ ਮਾਲਕ ਦੇ ਵਾਫ਼ਰ ਰਕਬੇ ਵਿੱਚ ਸਮਾਵਿਸ਼ਟ ਹੈ; ਅਤੇ

(ਅ) ਮੁਜ਼ਾਰਿਆਂ, ਅਨੁਸੂਚਿਤ ਜਾਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਅਤੇ ਭੋਂਹੀਨ ਖੇਤੀ ਕਾਮਿਆਂ ਨੂੰ ਪਹਿਲੇ ਦਰਜੇ ਦੀ ਭੋਂ ਦਾ ਵੱਧ ਤੋਂ ਵੱਧ ਦੋ ਹੈਕਟੇਅਰ ਰਕਬਾ ਜਾਂ ਉਸ ਦੇ ਤੁੱਲ ਰਕਬਾ ਅਲਾਟ ਕਰਨ ਦੁਆਰਾ, ਪ੍ਰੰਤੂ ਕਿਸੇ ਅਜਿਹੇ ਅਲਾਟੀ ਦੁਆਰਾ ਅਲਾਟਮੈਂਟ ਤੋਂ ਪਿੱਛੋਂ ਧਾਰਨ ਕੀਤਾ ਜਾਂ ਮਲਕੀਅਤੀ ਕੁੱਲ ਰਕਬਾ ਪਹਿਲੇ ਦਰਜੇ ਦੀ ਭੋਂ ਦੇ ਦੋ ਹੈਕਟੇਅਰ ਜਾਂ ਉਸ ਦੇ ਤੁੱਲ ਰਕਬੇ ਤੋਂ ਵੱਧ ਨਹੀਂ ਹੋਵੇਗਾ, ਸਕੀਮ ਬਣਾ ਸਕੇਗੀ।

(3) ਉਪ-ਧਾਰਾ (2) ਅਧੀਨ ਰਾਜ ਸਰਕਾਰ ਦੁਆਰਾ ਬਣਾਈ ਗਈ ਕੋਈ ਸਕੀਮ ਉਨ੍ਹਾਂ ਨਿਬੰਧਨਾਂ ਅਤੇ ਸ਼ਰਤਾਂ ਦਾ, ਜਿਨ੍ਹਾਂ ਤੇ ਮੁਜ਼ਾਰਿਆਂ ਨੂੰ ਮਾਲਕੀ ਦੇ ਅਧਿਕਾਰ ਪ੍ਰਦਾਨ ਕੀਤੇ ਜਾਣੇ ਹਨ ਅਤੇ ਉਨ੍ਹਾਂ ਨਿਬੰਧਨਾਂ ਅਤੇ ਸ਼ਰਤਾਂ ਦਾ ਵੀ ਉਪਬੰਧ ਕਰ ਸਕੇਗੀ ਜਿਨ੍ਹਾਂ ਤੇ ਵਾਫ਼ਰ ਰਕਬੇ ਵਿੱਚ ਸਮਾਵਿਸ਼ਟ ਭੋਂ ਅਲਾਟ ਕੀਤੀ ਜਾਣੀ ਹੈ।

(4) ਇਸ ਧਾਰਾ ਅਧੀਨ ਬਣਾਈ ਕਿਸੇ ਸਕੀਮ ਵਿੱਚ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਵਾਧਾ, ਸੋਧ, ਅਦਲ-ਬਦਲ ਕਰ ਸਕੇਗੀ ਜਾਂ ਉਸ ਨੂੰ ਪਰਤਾ ਲੈ ਸਕੇਗੀ।

(5) ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਅਤੇ ਰਾਜ ਸਰਕਾਰ ਦੁਆਰਾ ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਜਾਂ ਕਿਸੇ ਵਾਰਸ ਦੁਆਰਾ ਵਿਰਾਸਤ ਦੁਆਰਾ ਅਰਜਤ ਭੋਂ ਦੇ ਮਾਮਲੇ ਨੂੰ ਛੱਡ ਕੇ ਪੰਜਾਬ

ਕਾਨੂੰਨ, ਪੈਪਸੂ ਕਾਨੂੰਨ ਜਾਂ ਇਸ ਐਕਟ ਅਧੀਨ ਵਾਫ਼ਰ ਰਕਬੇ ਵਿੱਚ ਸਮਾਵਿਸ਼ਟ ਭੋਂ ਦਾ ਇੰਤਕਾਲ ਜਾਂ ਹੋਰ ਨਿਬੇੜਾ ਇਸ ਐਕਟ ਅਧੀਨ ਉਸ ਦੇ ਰਾਜ ਸਰਕਾਰ ਵਿੱਚ ਨਿਹਿਤ ਹੋਣ ਤੇ ਜਾਂ ਉਸ ਦੀ ਵਰਤੋਂ ਕਰਨ ਤੇ ਪ੍ਰਭਾਵ ਨਹੀਂ ਪਾਵੇਗਾ।

(6) ਇਸ ਐਕਟ ਦੇ ਅਰੰਭ ਤੋਂ ਪਹਿਲਾਂ ਕਿਸੇ ਵਾਫ਼ਰ ਰਕਬੇ ਦੀ ਵਰਤੋਂ ਧਾਰਾ 15 ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਮੁਜ਼ਾਰੇ ਦੇ ਭੋਂ ਖਰੀਦਣ ਦੇ ਅਧਿਕਾਰ ਤੇ ਜਾਂ ਵਾਫ਼ਰ ਰਕਬੇ ਤੇ ਆਬਾਦ ਮੁਜ਼ਾਰੇ ਤੋਂ ਲਗਾਨ ਪ੍ਰਾਪਤ ਕਰਨ ਦੇ ਭੋਂ ਮਾਲਕ ਦੇ ਅਧਿਕਾਰ ਤੇ, ਜਦ ਤੱਕ ਮੁਜ਼ਾਰਾ ਉਸ ਦਾ ਮਾਲਕ ਨਹੀਂ ਬਣ ਜਾਂਦਾ, ਕੋਈ ਪ੍ਰਭਾਵ ਨਹੀਂ ਪਾਵੇਗੀ।

(7) ਜਿੱਥੇ ਉੱਤਰ-ਅਧਿਕਾਰ ਵਾਫ਼ਰ ਰਕਬੇ ਜਾਂ ਉਸ ਦੇ ਕਿਸੇ ਭਾਗ ਦੇ ਕੁਲੈਕਟਰ ਦੁਆਰਾ ਤੈਅ ਕੀਤੇ ਜਾ ਚੁੱਕਣ ਪਿੱਛੋਂ ਖੁੱਲ੍ਹਿਆ ਹੈ ਉੱਥੇ ਉਪ-ਧਾਰਾ (5) ਅਧੀਨ ਵਿਰਾਸਤ ਦੁਆਰਾ ਵਾਰਸ ਦੇ ਪੱਖ ਵਿੱਚ ਉਲਿਖਤ ਬਚਾਉ ਇਸ ਤਰ੍ਹਾਂ ਤੈਅ ਕੀਤੇ ਰਕਬੇ ਦੇ ਬਾਰੇ ਲਾਗੂ ਨਹੀਂ ਹੋਵੇਗਾ।

ਇਜਾਜ਼ਤੀ ਰਕਬੇ ਤੋਂ ਵੱਧ ਭੋਂ ਦੇ ਭਵਿੱਖਤ ਅਰਜਨ ਤੇ ਰੋਕ।

12. (1) ਕਿਸੇ ਕਾਨੂੰਨ, ਰਿਵਾਜ, ਪ੍ਰਥਾ, ਮੁਆਇਦੇ ਜਾਂ ਕਰਾਰ ਵਿੱਚ ਇਸ ਦੇ ਉਲਟ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਅਰੰਭ ਤੋਂ ਅਤੇ ਪਿੱਛੋਂ ਕੋਈ ਵਿਅਕਤੀ, ਚਾਹੇ ਭੋਂ-ਮਾਲਕ ਵਜੋਂ ਜਾਂ ਮੁਜ਼ਾਰੇ ਵਜੋਂ, ਇੰਤਕਾਲ, ਵਟਾਂਦਰੇ, ਪੱਟੇ, ਕਰਾਰ ਜਾਂ ਤਮਲੀਕ-ਨਾਮੇ ਦੁਆਰਾ ਭੋਂ ਅਰਜਤ ਨਹੀਂ ਕਰੇਗਾ ਨਾ ਰੱਖੇਗਾ, ਜੋ ਪਹਿਲਾਂ ਹੀ ਉਸ ਦੀ ਮਲਕੀਅਤ ਅਧੀਨ ਜਾਂ ਧਾਰਨ ਕੀਤੀ ਭੋਂ ਸਹਿਤ ਜਾਂ ਤੋਂ ਬਿਨਾਂ ਕੁੱਲ ਮਿਲਾ ਕੇ ਇਜਾਜ਼ਤੀ ਰਕਬੇ ਤੋਂ ਵੱਧ ਹੋਵੇ:

ਪਰੰਤੂ ਇਸ ਧਾਰਾ ਦੀ ਕੋਈ ਗੱਲ ਸਹਿਕਾਰੀ ਸਭਾ ਦੁਆਰਾ ਧਾਰਨ ਕੀਤੀ ਭੋਂ ਨੂੰ ਲਾਗੂ ਨਹੀਂ ਹੋਵੇਗੀ ਜੇ ਸਭਾ ਦੇ ਵਿਅਕਤੀਗਤ ਮੈਂਬਰ ਦੀ ਮਲਕੀਅਤ ਅਧੀਨ ਜਾਂ ਦੁਆਰਾ ਧਾਰਨ ਕੀਤੀ ਭੋਂ, ਅਜਿਹੀ ਸਭਾ ਦੁਆਰਾ ਧਾਰਨ ਕੀਤੀ ਭੋਂ ਵਿੱਚ ਉਸ ਦੇ ਹਿੱਸੇ ਸਮੇਤ ਇਜਾਜ਼ਤੀ ਰਕਬੇ ਤੋਂ ਨਹੀਂ ਵਧਦੀ।

(2) ਉਪ-ਧਾਰਾ (1) ਦੇ ਉਪਬੰਧਾਂ ਦੀ ਉਲੰਘਣਾ ਵਿੱਚ ਕੀਤਾ ਕੋਈ ਇੰਤਕਾਲ, ਵਟਾਂਦਰਾ, ਪੱਟਾ, ਕਰਾਰ ਜਾਂ ਤਮਲੀਕ-ਨਾਮਾ ਬਾਤਲ ਅਤੇ ਸੁੰਨ ਹੋਵੇਗਾ।

ਸੰਯੁਕਤ ਭੋਆਂ ਵਿੱਚ ਭੋ ਮਾਲਕਾਂ ਦਾ ਹਿੱਸਾ ਵੱਖਰਾ ਕਰਨ ਦੀ ਸ਼ਕਤੀ।

13. (1) ਜਿੱਥੇ ਕੋਈ ਵਿਅਕਤੀ ਹੋਰ ਵਿਅਕਤੀਆਂ ਨਾਲ ਸੰਯੁਕਤ ਤੌਰ ਤੇ ਭੋਂ ਦਾ ਮਾਲਕ ਹੈ ਅਤੇ ਉਸ ਦਾ ਅਜਿਹੀ ਭੋਂ ਵਿੱਚ ਹਿੱਸਾ ਜਾਂ ਹਿੱਸੇ ਦਾ ਕੋਈ ਭਾਗ ਵਾਫ਼ਰ ਰਕਬੇ ਵਜੋਂ ਐਲਾਨਿਆ ਜਾ ਚੁੱਕਾ ਹੈ ਜਾਂ ਐਲਾਨਿਆ ਜਾਣਾ ਹੈ, ਉੱਥੇ ਕੁਲੈਕਟਰ ਆਪਣੇ ਪ੍ਰਸਤਾਵ ਤੇ, ਸਰਸਰੀ ਜਾਂਚ ਪਿੱਛੋਂ ਅਤੇ ਅਜਿਹੇ ਵਿਅਕਤੀ ਨੂੰ ਸੁਣਵਾਈ ਦਾ ਅਵਸਰ ਦੇਣ ਪਿੱਛੋਂ, ਅਜਿਹੀ ਭੋਂ ਵਿੱਚ ਉਸ ਦਾ ਹਿੱਸਾ ਜਾਂ ਹੋਰ ਵਿਅਕਤੀਆਂ ਨਾਲ ਸੰਯੁਕਤ ਤੌਰ ਤੇ ਮਲਕੀਅਤ ਵਿਚਲੇ ਉਸ ਹਿੱਸੇ ਦੇ ਭਾਗ ਨੂੰ ਵੱਖ ਕਰ ਸਕੇਗਾ।

(2) ਜਿੱਥੇ ਕਿਸੇ ਵਿਅਕਤੀ ਦਾ ਵਾਫ਼ਰ ਰਕਬਾ ਐਲਾਨੇ ਜਾਣ ਤੋਂ ਪਿੱਛੋਂ ਅਤੇ ਉਸ ਦੀ ਵਰਤੋਂ ਕਰਨ ਤੋਂ ਪਹਿਲਾਂ, ਉਸ ਦੀ ਭੋਂ ਚੱਕਬੰਦੀ ਦੇ ਅਮਲ ਦੇ ਤਾਬੇ

ਆ ਗਈ ਹੈ, ਉੱਥੇ ਕੁਲੈਕਟਰ ਅਜਿਹੇ ਵਿਅਕਤੀ ਨੂੰ ਚੱਕਬੰਦੀ ਤੋਂ ਪਿੱਛੋਂ ਪ੍ਰਾਪਤ ਹੋਈ ਭੋਂ ਦੇ ਰਕਬੇ ਵਿੱਚੋਂ ਵਾਫ਼ਰ ਰਕਬੇ ਨੂੰ ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਤਰੀਕੇ ਨਾਲ ਵੱਖ ਕਰਨ ਲਈ ਵੀ ਸ਼ਕਤਵਾਨ ਹੋਵੇਗਾ।

ਧਾਰਮਿਕ ਜਾਂ ਦਾਨ-ਆਧਾਰੀ ਸੰਸਥਾਵਾਂ ਦੀਆਂ ਭੋਆਂ ਦੀ ਛੋਟ।

14. ਕਿਸੇ ਅਦਾਲਤ ਜਾਂ ਅਥਾਰਟੀ ਦੇ ਕਿਸੇ ਨਿਰਣੇ, ਡਿਗਰੀ ਜਾਂ ਹੁਕਮ ਦੇ ਹੁੰਦਿਆਂ ਹੋਇਆਂ ਵੀ, ਇਸ ਅਧਿਆਏ ਦੇ ਉਪਬੰਧ ਅਜਿਹੀਆਂ ਭੋਆਂ ਨੂੰ ਲਾਗੂ ਨਹੀਂ ਹੋਣਗੇ ਜੋ ਲੋਕ ਪ੍ਰਕਿਰਤੀ ਦੇ ਕਿਸੇ ਅਜਿਹੇ ਧਾਰਮਿਕ ਜਾਂ ਦਾਨ-ਆਧਾਰੀ ਸੰਸਥਾ ਦੀਆਂ ਹਨ ਜੋ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਪਹਿਲਾਂ ਹੋਂਦ ਵਿੱਚ ਸੀ, ਪਰ ਉਹ ਮਹੰਤ, ਮੋਹਤਮਿਮ ਜਾਂ ਉਸ ਦੇ ਪ੍ਰਬੰਧਕ ਦੀਆਂ ਨਾ ਹੋਣ:

ਪਰੰਤੂ ਇਸ ਵਿੱਚ ਉਲਿਖਤ ਛੋਟ ਕੇਵਲ ਉਸ ਸਮੇਂ ਤੱਕ ਮਿਲੇਗੀ ਜਦ ਤੱਕ ਭੋਂ ਜਾਂ ਉਸ ਤੋਂ ਹੋਈ ਆਮਦਨ ਅਜਿਹੀ ਸੰਸਥਾ ਦੇ ਉਲਿਖਤ ਪ੍ਰਯੋਜਨ ਲਈ ਵਰਤੀ ਜਾਂਦੀ ਹੈ ਅਤੇ ਅਜਿਹੀਆਂ ਭੋਆਂ ਦੇ ਪੱਟੇਦਾਰਾਂ ਨੂੰ ਮਿਲਣਯੋਗ ਨਹੀਂ ਹੋਵੇਗੀ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨ ਲਈ, 'ਧਾਰਮਿਕ ਜਾਂ ਦਾਨ-ਆਧਾਰੀ ਸੰਸਥਾ' ਦਾ ਮਤਲਬ ਹੈ-

(i) ਮੰਦਰ;

(ii) ਗੁਰਦੁਆਰਾ;

(iii) ਗਊਸ਼ਾਲਾ;

(iv) ਵਕਫ਼, ਜਿਵੇਂ ਉਸ ਦੀ ਪਰਿਭਾਸ਼ਾ ਵਕਫ਼ ਐਕਟ, 1954 (1954 ਦਾ ਐਕਟ 29) ਦੀ ਧਾਰਾ 3 ਦੇ ਖੰਡ (iii) ਵਿੱਚ ਕੀਤੀ ਗਈ ਹੈ; ਜਾਂ

(v) ਲੋਕ ਪ੍ਰਕਿਰਤੀ ਦਾ ਕੋਈ ਹੋਰ ਧਾਰਮਿਕ ਸਥਾਨ।

## ਅਧਿਆਏ III

## ਫੁਟਕਲ

ਮੁਜ਼ਾਰਿਆਂ ਦੇ ਭੋਂ ਖਰੀਦਣ ਦੇ ਕੁੱਝ ਕੁ ਅਧਿਕਾਰਾਂ ਦਾ ਬਚਾਉ।

15. (1) ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਮੁਜ਼ਾਹਰਾ ਜੋ, ਇਸ ਐਕਟ ਦੇ ਅਰੰਭ ਹੋਣ ਤੋਂ ਤੁਰੰਤ ਪਹਿਲਾਂ ਪੰਜਾਬ ਕਾਨੂੰਨ ਦੀ ਧਾਰਾ 18 ਅਧੀਨ ਜਾਂ ਜਿਹੀ ਕਿ ਸੂਰਤ ਹੋਵੇ, ਪੈਪਸੂ ਕਾਨੂੰਨ ਦੀ ਧਾਰਾ 22 ਅਧੀਨ ਆਪਣੀ ਮੁਜ਼ਾਰਗੀ ਭੋਂ ਵਿੱਚ ਸਮਾਵਿਸ਼ਟ ਭੋਂ ਖਰੀਦਣ ਦਾ ਹੱਕਦਾਰ ਸੀ, ਉਹ, ਭੋਂ ਮਾਲਕ ਤੋਂ ਉਨ੍ਹਾਂ ਹੀ ਨਿਬੰਧਨਾਂ ਅਤੇ ਸ਼ਰਤਾਂ ਤੇ ਜੋ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਲਾਗੂ ਸਨ, ਅਜਿਹੀ ਭੋਂ ਖਰੀਦਣ ਦਾ ਹੱਕਦਾਰ ਹੋਵੇਗਾ:

ਪਰੰਤੂ-

(i) ਮੁਜ਼ਾਰੇ ਦੁਆਰਾ ਭੋਂ ਲਈ ਅਦਾਇਗੀਯੋਗ ਰਕਮ ਅਜਿਹੀ ਭੋਂ ਲਈ ਅਦਾਇਗੀਯੋਗ ਮਾਲੀਏ (ਰੇਟਾਂ ਅਤੇ ਉਪ-ਕਰਾਂ ਸਮੇਤ) ਦੇ ਨੱਬੇ ਗੁਣਾਂ ਦੇ ਤੁੱਲ ਜਾਂ ਪੰਜ ਸੌ ਰੁਪਏ ਪ੍ਰਤੀ ਹੈਕਟੇਅਰ, ਜੋ ਵੀ ਘੱਟ ਹੋਵੇ, ਹੋਵੇਗੀ; ਅਤੇ

(ii) ਅਜਿਹੀ ਭੋਂ ਖਰੀਦਣ ਲਈ ਜ਼ਾਬਤਾ ਉਹ ਹੋਵੇਗਾ ਜੋ ਇਸ ਵਿੱਚ ਇਸ ਤੋਂ ਪਿੱਛੋਂ ਉਲਿਖਤ ਕੀਤਾ ਗਿਆ ਹੈ ਅਤੇ ਅਜਿਹੇ ਅਧਿਕਾਰ ਦੀ ਵਰਤੋਂ ਲਈ ਮਿਆਦ ਦੀ ਮੁੱਦਤ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਇੱਕ ਸਾਲ ਹੋਵੇਗੀ।

(2) ਉਪ-ਧਾਰਾ (1) ਅਧੀਨ ਭੋਂ ਦੀ ਖਰੀਦ ਲਈ ਦਰਖ਼ਾਸਤ ਅਧਿਕਾਰਤਾ ਰੱਖਣ ਵਾਲੇ ਪਹਿਲੇ ਦਰਜੇ ਦੇ ਸਹਾਇਕ ਕੁਲੈਕਟਰ ਨੂੰ ਦਿੱਤੀ ਜਾਵੇਗੀ ਜੋ, ਭੋਂ ਮਾਲਕ ਨੂੰ ਨੋਟਿਸ ਦੇਣ ਪਿੱਛੋਂ ਅਤੇ ਮੁਕੱਰਰ ਤਰੀਕੇ ਨਾਲ ਜਾਂਚ ਕਰਨ ਪਿੱਛੋਂ ਉਸ ਦੇ ਬਾਰੇ ਅਦਾਇਗੀਯੋਗ ਰਕਮ ਤੈਅ ਕਰੇਗਾ।

(3) ਮੁਜ਼ਾਰਾ ਉਪ-ਧਾਰਾ (2) ਅਧੀਨ ਤੈਅ ਕੀਤੀ ਰਕਮ ਜਾਂ ਤਾਂ ਇੱਕਮੁਸ਼ਤ ਜਾਂ ਮੁਕੱਰਰ ਤਰੀਕੇ ਨਾਲ ਵੱਧ ਤੋਂ ਵੱਧ ਪੰਦਰਾਂ ਛਿਮਾਹੀ ਕਿਸ਼ਤਾਂ ਵਿੱਚ ਅਦਾ ਕਰ ਸਕੇਗਾ।

(4) ਸਾਰੀ ਦੀ ਸਾਰੀ ਰਕਮ ਦੀ ਜਾਂ, ਜਿਹੀ ਕਿ ਸੂਰਤ ਹੋਵੇ, ਉਸ ਦੀ ਪਹਿਲੀ ਕਿਸ਼ਤ ਦੀ ਅਦਾਇਗੀ ਤੇ ਮੁਜ਼ਾਰਾ ਭੋਂ ਦਾ ਮਾਲਕ ਬਣ ਗਿਆ ਸਮਝਿਆ ਜਾਵੇਗਾ ਅਤੇ ਜਿੱਥੇ ਮੁਜ਼ਾਰੇ ਦਾ ਭੋਂ ਤੇ ਪਹਿਲਾਂ ਹੀ ਕਬਜ਼ਾ ਨਹੀਂ ਹੈ ਉੱਥੇ 'ਪੰਜਾਬ ਟੇਨੈਂਸੀ ਐਕਟ, 1887' ਦੇ ਉਪਬੰਧਾਂ ਦੇ ਤਾਬੇ, ਸਹਾਇਕ ਕੁਲੈਕਟਰ, ਉਸ ਨੂੰ ਉਸ ਦਾ ਕਬਜ਼ਾ ਦਿਵਾਏਗਾ।

(5) ਜੇ ਕਿਸ਼ਤਾਂ ਵਿੱਚੋਂ ਕਿਸੇ ਦੀ ਅਦਾਇਗੀ ਵਿੱਚ ਕੋਤਾਹੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਵਿਅਕਤੀ ਦੁਆਰਾ ਦਰਖ਼ਾਸਤ ਤੇ, ਸਾਰੀ ਦੀ ਸਾਰੀ ਖੜ੍ਹੀ ਬਾਕੀ ਮਾਲੀਏ ਦੇ ਬਕਾਏ ਵਾਂਗ ਵਸੂਲੀਯੋਗ ਹੋਵੇਗੀ।

(6) ਜੇ ਭੋਂ ਖਰੀਦੇ ਜਾਣ ਦੇ ਸਮੇਂ ਰਹਿਨ ਦੇ ਤਾਬੇ ਹੈ ਤਾਂ ਮੁਜ਼ਾਰੇ ਨੂੰ ਉਹ ਭੋਂ ਰਹਿਨ ਦੇ ਪ੍ਰਚਾਰ ਤੋਂ ਮੁਕਤ ਮੁੰਤਕਿਲ ਹੋਵੇਗੀ, ਪਰ ਰਹਿਨ ਰਕਮ ਕੀਮਤ ਖਰੀਦ ਤੇ ਭਾਰ ਹੋਵੇਗਾ।

ਸਰਸਰੀ ਬੇਦਖ਼ਲੀ ਅਤੇ ਜੁਰਮਾਨਾ।

16. (1) ਕੋਈ ਵਿਅਕਤੀ ਜਿਸ ਦਾ ਕਿਸੇ ਭੋਂ ਤੇ-

(ੳ) ਜਿਸ ਦਾ ਇੰਤਕਾਲ ਜਾਂ ਤਾਂ ਧਿਰਾਂ ਦੇ ਕਾਰਜ ਦੁਆਰਾ ਜਾਂ ਕਾਨੂੰਨ ਦੇ ਅਮਲ ਦੁਆਰਾ ਇਸ ਐਕਟ ਦੇ ਉਪਬੰਧਾਂ ਅਧੀਨ ਨਾਜਾਇਜ਼ ਹੈ; ਜਾਂ

(ਅ) ਜਿਸ ਦੀ ਵਰਤੋਂ ਅਤੇ ਦਖ਼ਲ ਲਈ ਉਹ ਇਸ ਐਕਟ ਦੇ ਉਪਬੰਧਾਂ ਅਧੀਨ ਹੱਕਦਾਰ ਨਹੀਂ;

ਦੋਸ਼ਪੂਰਨ ਜਾਂ ਅਣਅਖ਼ਤਿਆਰਤ ਕਬਜ਼ਾ ਹੈ, ਅਜਿਹੇ ਦੋਸ਼ਪੂਰਨ ਜਾਂ ਅਣਅਖ਼ਤਿਆਰਤ ਕਬਜ਼ੇ ਦੀ ਇੱਕ ਸਾਲ ਦੀ ਮੁੱਦਤ ਦੇ ਅੰਦਰ ਦਿੱਤੀ ਗਈ ਦਰਖ਼ਾਸਤ ਤੇ, ਅਤੇ ਸਰਸਰੀ ਜਾਂਚ ਪਿੱਛੋਂ, ਕੁਲੈਕਟਰ ਦੁਆਰਾ ਬੇਦਖ਼ਲ ਕੀਤਾ ਜਾ ਸਕੇਗਾ ਜੋ ਅਜਿਹੇ ਵਿਅਕਤੀ ਨੂੰ ਇੱਕ ਹਜਾਰ ਰੁਪਏ ਤੋਂ ਨ ਵੱਧ ਦਾ ਡੰਨ ਵੀ ਲਾ ਸਕੇਗਾ।

(2) ਕੁਲੈਕਟਰ ਇਹ ਨਿਰਦੇਸ਼ ਦੇ ਸਕੇਗਾ ਕਿ ਉਪ-ਧਾਰਾ (1) ਅਧੀਨ ਅਰੋਪਿਆ ਗਿਆ ਸਾਰਾ ਡੰਨ ਜਾਂ ਉਸ ਦਾ ਕੋਈ ਭਾਗ ਉਸ ਵਿਅਕਤੀ ਨੂੰ ਅਦਾ ਕੀਤਾ ਜਾਵੇਗਾ ਜਿਸ ਨੇ ਭੋਂ ਦੇ ਦੋਸ਼ਪੂਰਨ ਜਾਂ ਅਣਅਖ਼ਤਿਆਰਤ ਕਬਜ਼ੇ ਦੁਆਰਾ ਕੋਈ ਹਾਨ ਜਾਂ ਨੁਕਸਾਨ ਉਠਾਇਆ ਹੈ।

17. ਕਿਸੇ ਅਦਾਲਤ ਜਾਂ ਅਥਾਰਟੀ ਦੀ ਕੋਈ ਡਿਗਰੀ ਜਾਂ ਹੁਕਮ ਅਤੇ ਬੇਦਖ਼ਲੀ ਦਾ ਕੋਈ ਨੋਟਿਸ ਕੇਵਲ ਉਸ ਹੱਦ ਤੱਕ ਹੀ ਜਾਇਜ਼ ਹੋਵੇਗਾ ਜਿਸ ਤੱਕ ਉਹ ਇਸ ਐਕਟ ਦੇ ਉਪਬੰਧਾਂ ਨਾਲ ਸੰਗਤ ਹੈ, ਉਸ ਹੱਦ ਤੋਂ ਵੱਧ ਨਹੀਂ। ਲੰਬਿਤ ਡਿਗਰੀਆਂ, ਹੁਕਮਾਂ ਅਤੇ ਨੋਟਿਸਾਂ ਦਾ ਨਿਰਾਕਰਣ।

18. ਅਪੀਲ, ਨਜ਼ਰਸਾਨੀ ਅਤੇ ਨਿਗਰਾਨੀ ਬਾਬਤ ਉਪਬੰਧ, ਇਸ ਐਕਟ ਅਧੀਨ, ਜਿੱਥੋਂ ਤੱਕ ਹੋ ਸਕੇ, ਉਹੀ ਹੋਣਗੇ ਜੋ ਕਿ 'ਪੰਜਾਬ ਟੇਨੈਂਸੀ ਐਕਟ, 1887' (1887 ਦਾ ਐਕਟ XVI) ਦੀਆਂ ਧਾਰਾਵਾ 80, 81, 82, 83 ਅਤੇ 84 ਵਿੱਚ ਉਪਬੰਧਤ ਹਨ। ਅਪੀਲ, ਨਜ਼ਰਸਾਨੀ ਅਤੇ ਨਿਗਰਾਨੀ।

19. ਕਿਸੇ ਅਧਿਕਾਰੀ ਜਾਂ ਅਥਾਰਟੀ ਦੁਆਰਾ ਇਸ ਐਕਟ ਅਧੀਨ ਪਾਸ ਕੀਤੇ ਕਿਸੇ ਹੁਕਮ ਵਿੱਚ ਲਿਖਾਈ ਅਤੇ ਹਿਸਾਬ ਦੀਆਂ ਭੁੱਲਾਂ ਜਾਂ ਕਿਸੇ ਇਤਫ਼ਾਕੀਆ ਭੁੱਲ-ਚੁੱਕ ਜਾਂ ਉਕਾਈ ਤੋਂ ਉਸ ਵਿੱਚ ਹੋਣ ਵਾਲੀਆਂ ਗਲਤੀਆਂ ਕਿਸੇ ਵੀ ਸਮੇਂ ਅਜਿਹੇ ਅਧਿਕਾਰੀ ਜਾਂ ਅਥਾਰਟੀ ਦੁਆਰਾ ਜਾਂ ਤਾਂ ਆਪਣੇ ਪ੍ਰਸਤਾਵ ਤੇ ਜਾਂ ਇਸ ਨਮਿੱਤ ਕਿਸੇ ਧਿਰ ਤੋਂ ਪ੍ਰਾਪਤ ਹੋਈ ਦਰਖ਼ਾਸਤ ਤੇ ਦਰੁੱਸਤ ਕੀਤੀਆਂ ਜਾ ਸਕਣਗੀਆਂ। ਲਿਖਾਈ ਦੀਆਂ ਗਲਤੀਆਂ ਦੀ ਦਰੁੱਸਤੀ।

20. ਕੋਰਟ ਫ਼ੀਸ ਐਕਟ, 1870 (1870 ਦਾ VII) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਅਧੀਨ ਹਰੇਕ ਦਰਖ਼ਾਸਤ, ਅਪੀਲ ਜਾਂ ਹੋਰ ਕਾਰਵਾਈ ਤੇ ਅਜਿਹੀ ਮਾਲੀਅਤ ਦਾ ਕੋਰਟ ਫ਼ੀਸ ਸਟੈਂਪ ਲੱਗਿਆ ਹੋਵੇਗਾ, ਜੋ ਮੁਕੱਰਰ ਕੀਤਾ ਜਾਵੇ। ਕੋਰਟ ਫ਼ੀਸ।

21. (1) ਜਿਵੇਂ ਇਸ ਐਕਟ ਦੁਆਰਾ ਜਾਂ ਅਧੀਨ ਉਪਬੰਧਤ ਹੈ ਉਸ ਨੂੰ ਛੱਡ ਕੇ, ਇਸ ਐਕਟ ਅਧੀਨ ਕੀਤੀ ਗਈ ਕਿਸੇ ਕਾਰਵਾਈ ਜਾਂ ਕੀਤੇ ਹੁਕਮ ਦੀ ਜਾਇਜ਼ਤਾ ਤੇ ਕਿਸੇ ਅਦਾਲਤ ਵਿੱਚ, ਜਾਂ ਕਿਸੇ ਹੋਰ ਅਥਾਰਟੀ ਅੱਗੇ ਉਜ਼ਰ ਨਹੀਂ ਕੀਤਾ ਜਾਵੇਗਾ। ਅਧਿਕਾਰਤਾ ਤੇ ਰੋਕ।

(2) ਕਿਸੇ ਦੀਵਾਨੀ ਅਦਾਲਤ ਨੂੰ, ਭੋਂ ਦੇ ਇੰਤਕਾਲ ਲਈ ਮੁਆਇਦੇ ਦੇ ਵਿਸ਼ੇਸ਼ ਪਾਲਣ ਲਈ, ਜੋ ਇਸ ਐਕਟ ਅਧੀਨ ਵਾਫ਼ਰ ਰਕਬੇ ਤੇ ਰਾਜ ਸਰਕਾਰ ਦੇ ਅਧਿਕਾਰ ਤੇ ਪ੍ਰਭਾਵ ਪਾਉਂਦਾ ਹੈ, ਨਿਯਤ ਦਿਨ ਤੋਂ ਪਿੱਛੋਂ ਦਾਇਰ ਕੀਤੇ ਕਿਸੇ ਦਾਵੇ ਨੂੰ ਸੁਣਵਾਈ ਲਈ ਲੈਣ ਦੀ ਜਾਂ ਉਸ ਵਿੱਚ ਕੋਈ ਕਾਰਵਾਈ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ।

22. ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਕਿਸੇ ਗੱਲ ਦੇ ਬਾਰੇ ਕਿਸੇ ਅਥਾਰਟੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ। ਨਿਸਤਾਰਾ।

ਝੂਠੇ ਬਿਆਨ ਦੇਣ ਲਈ ਡੰਨ।

23. ਜੇ, ਇਸ ਐਕਟ ਅਧੀਨ ਕਿਸੇ ਕਾਰਵਾਈ ਦੇ ਅਨੁਕ੍ਰਮ ਦੇ ਦੌਰਾਨ, ਕੋਈ ਵਿਅਕਤੀ ਕੋਈ ਅਜਿਹਾ ਐਲਾਨ ਜਾਂ ਬਿਆਨ ਕਰਦਾ ਹੈ ਜਾਂ ਕੋਈ ਅਜਿਹੀ ਜਾਣਕਾਰੀ ਦਿੰਦਾ ਹੈ ਜੋ ਝੂਠ ਹੈ ਜਾਂ ਜਿਸ ਦਾ ਝੂਠ ਹੋਣਾ ਉਹ ਜਾਣਦਾ ਹੈ ਜਾਂ ਝੂਠ ਹੋਣ ਦੇ ਵਿਸ਼ਵਾਸ ਦਾ ਕਾਰਨ ਰੱਖਦਾ ਹੈ ਜਾਂ ਜਿਸ ਦੇ ਸੱਚ ਹੋਣ ਦਾ ਉਸ ਨੂੰ ਵਿਸ਼ਵਾਸ ਨਹੀਂ ਹੈ, ਉਹ ਕੈਦ ਨਾਲ ਜੋ ਦੋ ਸਾਲ ਤੱਕ ਦੀ ਹੋ ਸਕੇਗੀ ਜਾਂ ਜੁਰਮਾਨੇ ਨਾਲ ਜੋ ਦੋ ਹਜਾਰ ਰੁਪਏ ਤੱਕ ਹੋ ਸਕੇਗਾ ਜਾਂ ਦੋਹਾਂ ਨਾਲ, ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

ਵਸੂਲੀ ਦੀ ਵਿਧੀ।

24. ਇਸ ਐਕਟ ਅਧੀਨ ਅਦਾਇਗੀਯੋਗ ਕੋਈ ਰਕਮ ਜਿਸ ਵਿੱਚ ਇਸ ਐਕਟ ਅਧੀਨ ਲਾਏ ਗਏ ਡੰਨ ਦੀ ਰਕਮ ਸ਼ਾਮਲ ਹੈ, ਮਾਲੀਏ ਦੇ ਬਕਾਏ ਵਾਂਗ ਵਸੂਲ ਕੀਤੀ ਜਾ ਸਕੇਗੀ।

ਕਠਨਾਈਆਂ ਦੂਰ ਕਰਨ ਦੀ ਸਕਤੀ।

25. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ ਅਜਿਹਾ ਉਪਬੰਧ ਕਰ ਸਕੇਗੀ ਜਾਂ ਅਜਿਹੇ ਨਿਰਦੇਸ਼ ਦੇ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਜੋ ਅਜਿਹੀ ਕਠਨਾਈ ਦੂਰ ਕਰਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ।

ਨਿਯਮ ਬਣਾਉਣ ਦੀ ਸ਼ਕਤੀ।

26. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਇਜਲਾਸ ਵਿੱਚ ਹੈ, ਦਸ ਦਿਨਾਂ ਦੀ ਕੁੱਲ ਮੁੱਦਤ ਲਈ ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਉਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਸ ਤੋਂ ਤੁਰੰਤ ਮਗਰੋਂ ਹੋਣ ਵਾਲੇ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ ਸਦਨ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਉਹ ਨਿਯਮ ਨਹੀਂ ਬਣਾਉਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਕੋਈ ਪ੍ਰਭਾਵ ਨਹੀਂ ਰੱਖੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਕੁੱਝ ਕੁ ਭੋਆਂ ਨੂੰ ਐਕਟ ਦੇ ਅਮਲ ਤੋਂ ਛੋਟ।

27. ਇਸ ਐਕਟ ਦੇ ਉਪਬੰਧ ਹੇਠ-ਲਿਖੀਆਂ ਭੋਆਂ ਨੂੰ ਲਾਗੂ ਨਹੀਂ ਹੋਣਗੇ,-

(ੳ) ਉਹ ਭੋਆਂ ਜੋ ਇਸ ਐਕਟ ਦੇ ਉਪਬੰਧਾਂ ਤੋਂ ਬਿਨਾਂ ਹੋਰਵੇਂ ਰਾਜ ਸਰਕਾਰ ਦੀ ਮਲਕੀਅਤ ਹਨ ਜਾਂ ਉਸ ਵਿੱਚ ਨਿਹਿਤ ਹਨ, ਜਾਂ ਰਾਜ ਸਰਕਾਰ ਦੁਆਰਾ ਪੱਟੇ ਤੇ ਲਈਆਂ ਭੋਆਂ;

(ਅ) ਉਹ ਭੋਂਆਂ ਜੋ ਕਿਸੇ ਸਥਾਨਕ ਅਥਾਰਟੀ ਜਾਂ ਪੰਜਾਬ ਜ਼ਰਾਇਤੀ ਯੂਨੀਵਰਸਿਟੀ ਜਾਂ ਕਿਸੇ ਅਜਿਹੀ ਨਿਗਮ ਦੀਆਂ ਹਨ ਜਾਂ ਵਿੱਚ ਨਿਹਿਤ ਹਨ ਜੋ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੀ ਮਲਕੀਅਤ ਜਾਂ ਕੰਟਰੋਲ ਅਧੀਨ ਹੈ;

(ੲ) ਉਹ ਭੋਂਆਂ ਜੋ ਕੇਂਦਰੀ ਸਰਕਾਰ ਦੀ ਮਲਕੀਅਤ ਹਨ ਜਾਂ ਉਸ ਵਿੱਚ ਨਿਹਿਤ ਹਨ ਜਾਂ ਉਸ ਦੁਆਰਾ ਪੱਟੇ ਤੇ ਲਈਆਂ ਹੋਈਆਂ ਹਨ;

(ਸ) ਉਹ ਭੋਂਆਂ ਜੋ ਪੰਜਾਬ ਭੂਦਾਨ ਯਗ ਐਕਟ, 1955 ਅਧੀਨ ਭੂਦਾਨ ਯਗ ਬੋਰਡ ਦੀ ਮਲਕੀਅਤ ਹਨ;

(ਹ) ਉਹ ਭੋਂਆਂ ਜੋ ਕਿਸੇ ਜ਼ਰਾਇਤੀ ਸਹਿਕਾਰੀ ਉਧਾਰ ਸੋਸਾਇਟੀ, ਭੋਂ ਰਹਿਨ ਬੈਂਕ, ਰਾਜ ਜਾਂ ਕੇਂਦਰੀ ਸਹਿਕਾਰੀ ਬੈਂਕ ਜਾਂ ਕਿਸੇ ਹੋਰ ਬੈਂਕ ਦੀ ਮਲਕੀਅਤ ਹਨ ਜਾਂ ਇਨ੍ਹਾਂ ਵਿੱਚੋਂ ਕਿਸੇ ਦੁਆਰਾ ਧਾਰਨ ਕੀਤੀਆਂ ਹੋਈਆਂ ਹਨ;

(ਕ) ਉਹ ਭੋਂਆਂ ਜੋ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਅਜਿਹੀ ਸਿੱਖਿਅਕ ਸੰਸਥਾ ਦੀ ਮਲਕੀਅਤ ਹਨ, ਜੋ ਜ਼ਰਾਇਤੀ ਵਿਗਿਆਨਾਂ ਦੀ ਸਿੱਖਿਆ ਅਤੇ ਖੋਜ ਵਿੱਚ ਲੱਗੀ ਹੋਈ ਹੈ ਅਤੇ ਨਿਯਤ ਦਿਨ ਨੂੰ ਅਜਿਹੀ ਸਿੱਖਿਆ ਅਤੇ ਖੋਜ ਦਾ ਕੰਮ ਕਰ ਰਹੀ ਸੀ;

(ਖ) ਉਹ ਭੋਂਆਂ ਜੋ ਲੋਕ ਪ੍ਰਕਿਰਤੀ ਦੇ ਅਜਿਹੇ ਸਿੱਖਿਅਕ ਟਰੱਸਟ ਦੀ ਮਲਕੀਅਤ ਹਨ ਜੋ ਨਿਯਤ ਦਿਨ ਨੂੰ ਹੋਂਦ ਵਿੱਚ ਸੀ:

ਪਰੰਤੂ ਇਸ ਧਾਰਾ ਵਿੱਚ ਦੀ ਕੋਈ ਗੱਲ ਉੱਪਰ ਹਵਾਲਾ ਦਿੱਤੀਆਂ ਅਥਾਰਟੀਆਂ ਜਾਂ ਸੰਸਥਾਵਾਂ ਦੇ ਕਿਸੇ ਪੱਟੇਦਾਰ ਨੂੰ ਲਾਗੂ ਨਹੀਂ ਹੋਵੇਗੀ।

(ਗ) ਕਿਸੇ ਵਿਅਕਤੀ ਦੁਆਰਾ ਗੈਰ-ਜ਼ਰਾਇਤੀ ਪ੍ਰਯੋਜਨਾਂ ਲਈ ਅਰਜਤ ਕੀਤੀ ਭੋਂ ਜੋ (ਪੰਜਾਬ ਨਗਰਪਾਲਕਾ ਐਕਟ, 1911 (1911 ਦਾ ਪੰਜਾਬ ਐਕਟ ਨੰ: 3) ਦੀ ਧਾਰਾ 3 ਦੇ ਖੰਡ (8-ੲ) ਵਿੱਚ ਪਰਿਭਾਸ਼ਤ ਨਗਰਪਾਲਕਾ ਖੇਤਰ ਦੇ ਅੰਦਰ ਜਾਂ ਪੰਜਾਬ ਨਗਰਪਾਲਕਾ ਨਿਗਮ ਐਕਟ, 1976 (1976 ਦਾ ਪੰਜਾਬ ਐਕਟ ਨੰ: 42) ਦੀ ਧਾਰਾ 60 ਦੇ ਖੰਡ (60) ਵਿੱਚ ਪਰਿਭਾਸ਼ਤ ਸ਼ਹਿਰੀ ਖੇਤਰ ਦੇ ਅੰਦਰ) ਆਉਂਦੀ ਹੋਵੇ;

(ਘ) ਕਿਸੇ ਵਿਅਕਤੀ ਦੁਆਰਾ ਅਰਜਤ ਕੀਤੀ ਗਈ ਅਤੇ ਗੈਰ-ਜ਼ਰਾਇਤੀ ਉਪਯੋਗ ਵਿੱਚ ਲਿਆਂਦੀ ਗਈ ਭੋਂ, ਜਾਂ ਉਹ ਭੋਂ ਜਿਸ ਦੇ ਬਾਰੇ, ਜਿੱਥੇ ਵੀ ਲਾਗੂ ਹੋਵੇ, ਰਾਜ ਸਰਕਾਰ ਦੁਆਰਾ ਗੈਰ-ਜ਼ਰਾਇਤੀ ਪ੍ਰਯੋਜਨਾਂ ਲਈ ਇਸ ਦੇ ਉਪਯੋਗ ਲਈ ਇਜਾਜ਼ਤ ਦਿੱਤੀ ਗਈ ਹੈ; ਅਤੇ

(ਝ) ਖੰਡ (ਗ) ਅਤੇ (ਘ) ਦੇ ਅਧੀਨ ਨਾ ਆਉਣ ਵਾਲੀ ਉਹ ਭੋਂ ਜੋ, ਕਿਸੇ ਵਿਅਕਤੀ ਦੁਆਰਾ ਗੈਰ-ਜ਼ਰਾਇਤੀ ਪ੍ਰਯੋਜਨਾਂ ਜਿਵੇਂ ਕਿ ਮਕਾਨ ਉਸਾਰੀ, ਉਦਯੋਗਿਕ, ਆਧਾਰਕ-ਬਣਤ ਪ੍ਰੋਜੈਕਟਾਂ, ਵਿਸ਼ੇਸ਼ ਆਰਥਿਕ ਜ਼ੋਨ (ਐਸ.ਈ.ਜੈਡ), ਸੈਰ-ਸਪਾਟਾ ਯੂਨਿਟਾਂ (ਹੋਟਲ ਅਤੇ ਰਿਜ਼ੋਰਟ), ਜਨਤਕ ਸਹੂਲਤਾਂ, ਵੇਅਰਹਾਊਸਿੰਗ (ਗੋਦਾਮ), ਵਪਾਰਕ, ਸੱਭਿਆਚਾਰਕ, ਮਨੋਰੰਜਕ, ਖੇਡਾਂ, ਧਾਰਮਿਕ, ਸੰਸਥਾਗਤ ਲਈ ਅਰਜਤ ਕੀਤੀ ਗਈ ਹੋਵੇ:

ਪਰੰਤੂ ਜਿੱਥੇ ਖੰਡਾਂ (ਗ), (ਘ) ਜਾਂ (ਝ) ਦੇ ਉਪਬੰਧਾਂ ਅਨੁਸਾਰ ਭੋਂ ਗੈਰ-ਜ਼ਰਾਇਤੀ ਪ੍ਰਯੋਜਨਾਂ ਲਈ ਅਰਜਤ ਕੀਤੀ ਜਾਂਦੀ ਹੈ, ਤਾਂ ਅਜਿਹੇ ਵਿਅਕਤੀ ਨੂੰ ਪੰਜਾਬ ਭੋਂ ਸੁਧਾਰ (ਸੋਧ) ਐਕਟ, 2017 ਦੇ ਪ੍ਰਕਾਸ਼ਨ ਦੀ ਤਰੀਕ ਤੋਂ ਇੱਕ ਸਾਲ ਦੇ ਅੰਦਰ ਜਾਂ ਅਜਿਹੀ ਭੋਂ ਅਰਜਤ ਕਰਨ ਦੀ ਤਰੀਕ ਤੋਂ ਇੱਕ ਸਾਲ ਦੇ ਅੰਦਰ ਭੋਂ ਦੀ ਵਰਤੋਂ ਨੂੰ ਗੈਰ-ਜ਼ਰਾਇਤੀ ਪ੍ਰਯੋਜਨਾਂ ਲਈ ਬਦਲਣ ਦੇ ਆਪਣੇ ਇਰਾਦੇ ਬਾਰੇ ਕੁਲੈਕਟਰ ਨੂੰ ਇਤਲਾਹ ਦੇਣੀ ਪਵੇਗੀ ਅਤੇ ਅਜਿਹੇ ਮਾਮਲਿਆਂ ਵਿੱਚ, ਕੁਲੈਕਟਰ, ਅਜਿਹੀ ਇਤਲਾਹ ਪ੍ਰਾਪਤ ਹੋਣ 'ਤੇ ਇਸ ਪ੍ਰਭਾਵ ਦੇ ਜ਼ਰੂਰੀ ਇੰਦਰਾਜ ਮਾਲ ਰਿਕਾਰਡ ਵਿੱਚ ਦਰਜ ਕਰਵਾਏਗਾ।

ਵਿਆਖਿਆ.- ਇਸ ਧਾਰਾ ਦੇ ਖੰਡਾਂ (ਗ), (ਘ) ਅਤੇ (ਝ) ਦੇ ਪ੍ਰਯੋਜਨਾਂ ਲਈ-

(i) ਜਿੱਥੇ ਕੋਈ ਜ਼ਰਾਇਤੀ ਸਰਗਰਮੀ ਮੁੱਖ ਤੌਰ ਤੇ ਅਜਿਹੇ ਵਿਅਕਤੀ ਦੀ ਕਿਸੇ ਗੈਰ-ਜ਼ਰਾਇਤੀ ਸਰਗਰਮੀ ਜਾਂ ਪ੍ਰਯੋਜਨ ਦੇ ਅਨੁਸੇਵਨੀ ਵਜੋਂ ਕੀਤੀ ਜਾਂਦੀ ਹੈ, ਅਜਿਹੇ ਮਾਮਲਿਆਂ ਵਿੱਚ, ਅਜਿਹੀ ਭੋਂ ਨੂੰ ਗੈਰ-ਜ਼ਰਾਇਤੀ ਪ੍ਰਯੋਜਨਾਂ ਲਈ ਅਰਜਤ ਕੀਤੀ ਗਈ ਸਮਝਿਆ ਜਾਵੇਗਾ; ਅਤੇ

(ii) ਇਨ੍ਹਾਂ ਖੰਡਾਂ ਅਧੀਨ ਆਉਂਦੀ ਭੋਂ ਤੇ ਕੋਈ ਵੀ ਵਿਕਾਸ ਕਰਨ ਦੇ ਇੱਛੁਕ ਵਿਅਕਤੀ ਨੂੰ, ਪੰਜਾਬ ਪ੍ਰਾਦੇਸ਼ਿਕ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਜਾਂ ਪੰਜਾਬ ਨਵੀਂ ਰਾਜਧਾਨੀ (ਪੈਰੀਫੇਰੀ) ਕੰਟਰੋਲ ਐਕਟ, 1952, ਜੋ ਵੀ ਲਾਗੂ ਹੋਵੇ, ਅਧੀਨ ਲੋੜੀਂਦੀ ਇਜਾਜ਼ਤ ਹਾਸਲ ਕਰਨੀ ਜ਼ਰੂਰੀ ਹੋਵੇਗੀ।

ਵਿਆਖਿਆ.- ਖੰਡ (ਹ) ਦੇ ਪ੍ਰਯੋਜਨਾਂ ਲਈ "ਬੈਂਕ" ਦਾ ਮਤਲਬ ਹੈ 'ਦ ਬੈਂਕਿੰਗ ਰੈਗੂਲੇਸ਼ਨ ਐਕਟ, 1949' ਦੀ ਧਾਰਾ 5 ਵਿੱਚ ਯਥਾ ਪਰਿਭਾਸ਼ਤ ਬੈਂਕਿੰਗ ਕੰਪਨੀ, ਅਤੇ ਇਸ ਵਿੱਚ 'ਦ ਸਟੇਟ ਬੈਂਕ ਆਫ ਇੰਡੀਆ ਐਕਟ, 1955' ਅਧੀਨ ਗਠਤ ਸਟੇਟ ਬੈਂਕ ਆਫ

ਇੰਡੀਆ, 'ਦ ਸਟੇਟ ਬੈਂਕ ਆਫ ਇੰਡੀਆ (ਸਬਸੀਡੀਅਰੀ ਬੈਂਕਸ) ਐਕਟ, 1959' ਵਿੱਚ ਯਥਾ ਪਰਿਭਾਸ਼ਤ ਸਹਾਇਕ ਬੈਂਕ, 'ਦ ਬੈਂਕਿੰਗ ਕੰਪਨੀਜ਼ (ਐਕੁਈਜੀਸ਼ਨ ਐਂਡ ਟਰਾਂਸਫਰ ਆਫ ਅੰਡਰਟੇਕਿੰਗਜ਼) ਐਕਟ, 1970' ਵਿੱਚ ਯਥਾ ਪਰਿਭਾਸ਼ਤ ਤੱਤਸਥਾਨੀ ਨਵਾਂ ਬੈਂਕ ਅਤੇ ਐਗਰੀਕਲਚਰਲ ਰੀਫਾਇਨਾਂਸ ਕਾਰਪੋਰੇਸ਼ਨ ਐਕਟ, 1963 ਅਧੀਨ ਗਠਤ ਜ਼ਰਾਇਤੀ ਪੁਨਰ-ਵਿੱਤ ਨਿਗਮ ਸ਼ਾਮਲ ਹੈ।

28. (1) 'ਪੰਜਾਬ ਭੋਂ-ਦਾਰੀ ਸੁਰੱਖਿਆ ਐਕਟ, 1953' ਅਤੇ 'ਪੈਪਸੂ ਕਿਰਾਏਦਾਰੀ ਅਤੇ ਜ਼ਰਾਇਤੀ ਭੋਂਆਂ ਐਕਟ, 1955' ਜਿੱਥੋਂ ਤੱਕ ਉਹ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਹਨ, ਇਸ ਦੁਆਰਾ ਨਿਰਸਤ ਕੀਤੇ ਜਾਂਦੇ ਹਨ। ਨਿਰਸਨ ਅਤੇ ਬਚਾਉ।

(2) ਉਪ-ਧਾਰਾ (1) ਵਿੱਚ ਜ਼ਿਕਰ ਕੀਤੀਆਂ ਇਨੈਕਟਮੈਂਟਾਂ, ਜਿਨ੍ਹਾਂ ਦਾ ਇਸ ਤੋਂ ਪਿੱਛੋਂ ਉਕਤ ਇਨੈਕਟਮੈਂਟਾਂ ਵਜੋਂ ਹਵਾਲਾ ਦਿੱਤਾ ਗਿਆ ਹੈ, ਦਾ ਨਿਰਸਨ ਹੇਠ-ਲਿਖਿਆਂ ਤੇ ਪ੍ਰਭਾਵ ਨਹੀਂ ਪਵੇਗਾ-

(i) ਇਸ ਐਕਟ ਦੇ ਅਰੰਭ ਤੋਂ ਤੁਰੰਤ ਪਹਿਲਾਂ, ਉਕਤ ਇਨੈਕਟਮੈਂਟਾਂ ਵਿੱਚੋਂ ਕਿਸੇ ਅਧੀਨ, ਵਾਫ਼ਰ ਰਕਬਾ ਤੈਅ ਕਰਨ ਲਈ ਲੰਬਿਤ ਕਾਰਵਾਈਆਂ, ਜੋ ਚਾਲੂ ਰੱਖੀਆਂ ਜਾਣਗੀਆਂ ਅਤੇ ਇਸ ਤਰ੍ਹਾਂ ਨਿਪਟਾਈਆਂ ਜਾਣਗੀਆਂ ਜਿਵੇਂ ਕਿ ਇਹ ਐਕਟ ਪਾਸ ਹੀ ਨ ਹੋਇਆ ਹੋਵੇ ਅਤੇ ਇਸ ਤਰ੍ਹਾਂ ਤੈਅ ਕੀਤਾ ਵਾਫ਼ਰ ਰਕਬਾ ਰਾਜ ਸਰਕਾਰ ਵਿੱਚ ਨਿਹਿਤ ਹੋ ਜਾਵੇਗਾ ਅਤੇ ਰਾਜ ਸਰਕਾਰ ਦੁਆਰਾ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਵਰਤੋਂ ਵਿੱਚ ਲਿਆਂਦਾ ਜਾਵੇਗਾ:

ਪਰੰਤੂ ਅਜਿਹੀਆਂ ਕਾਰਵਾਈਆਂ, ਜਿੱਥੋਂ ਤੱਕ ਹੋ ਸਕੇ, ਉਸ ਸਟੇਜ ਤੇ, ਜਿਸ ਤੇ ਉਹ ਇਸ ਐਕਟ ਦੇ ਅਰੰਭ ਤੋਂ ਤੁਰੰਤ ਪਹਿਲਾਂ ਸਨ, ਇਸ ਐਕਟ ਦੁਆਰਾ ਜਾਂ ਅਧੀਨ ਉਲਿਖਤ ਜ਼ਾਬਤੇ ਦੇ ਅਨੁਸਾਰ ਚਾਲੂ ਰੱਖੀਆਂ ਜਾਣਗੀਆਂ, ਅਤੇ ਨਿਪਟਾਈਆਂ ਜਾਣਗੀਆਂ ਅਤੇ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਤੁਰੰਤ ਪਹਿਲਾਂ ਪੈਪਸੂ ਭੋਂ ਕਮਿਸ਼ਨ ਅੱਗੇ ਲੰਬਿਤ ਮਾਮਲੇ ਸਬੰਧਤ ਜ਼ਿਲ੍ਹੇ ਦੇ ਕੁਲੈਕਟਰ ਨੂੰ ਨਿਪਟਾਰੇ ਲਈ ਬਦਲ ਜਾਣਗੇ:

ਪਰੰਤੂ ਇਹ ਹੋਰ ਕਿ ਇਸ ਧਾਰਾ ਵਿੱਚ ਦੀ ਕੋਈ ਗੱਲ, ਉੱਪਰ ਹਵਾਲਾ ਦਿੱਤੇ ਵਾਫ਼ਰ ਰਕਬੇ ਤੋਂ ਬਿਨਾਂ ਹੋਰ ਵਾਫ਼ਰ ਰਕਬਾ, ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ

ਵਿੱਚ ਤੈਅ ਕਰਨ ਅਤੇ ਵਰਤੋਂ ਕਰਨ ਤੇ ਕੋਈ ਪ੍ਰਭਾਵ ਨਹੀਂ ਪਾਵੇਗੀ;

(ii) ਉਕਤ ਇਨੈਕਟਮੈਂਟ ਦੇ ਪੂਰਵ ਅਮਲ ਜਾਂ ਉਨ੍ਹਾਂ ਅਧੀਨ ਠੀਕ ਤੌਰ ਤੇ ਕੀਤੀ ਜਾਂ ਸਹੀ ਕੋਈ ਗੱਲ;

(iii) ਉਕਤ ਇਨੈਕਟਮੈਂਟਾਂ ਅਧੀਨ ਅਰਜਤ ਕਿਸੇ ਅਧਿਕਾਰ, ਹਾਸਲ ਹੋਏ ਵਿਸ਼ੇਸ਼-ਅਧਿਕਾਰ ਜਾਂ ਉਠਾਈ ਕਿਸੇ ਬਾਂਧ ਜਾਂ ਦੇਣਦਾਰੀ, ਜਿੱਥੋਂ ਤੱਕ ਅਜਿਹਾ ਅਧਿਕਾਰ, ਵਿਸ਼ੇਸ਼-ਅਧਿਕਾਰ, ਬਾਂਧ ਜਾਂ ਦੇਣਦਾਰੀ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਹੀਂ ਹੈ ਅਤੇ ਅਜਿਹੇ ਅਧਿਕਾਰ, ਵਿਸ਼ੇਸ਼-ਅਧਿਕਾਰ, ਬਾਂਧ ਜਾਂ ਦੇਣਦਾਰੀ ਦੇ ਬਾਰੇ ਕੋਈ ਕਾਰਵਾਈ ਜਾਂ ਚਾਰਾਜੋਈ ਦਾਇਰ ਕੀਤੀ, ਚਾਲੂ ਰੱਖੀ ਜਾਂ ਨਾਫ਼ਜ਼ ਕੀਤੀ ਜਾ ਸਕੇਗੀ ਜਿਵੇਂ ਕਿ ਇਹ ਐਕਟ ਪਾਸ ਹੀ ਨ ਹੋਇਆ ਹੋਵੇ:

ਪਰੰਤੂ ਅਜਿਹੀ ਕਾਰਵਾਈ ਜਾਂ ਚਾਰਾਜੋਈ, ਜਿੱਥੋਂ ਤੱਕ ਹੋ ਸਕੇ, ਇਸ ਐਕਟ ਦੁਆਰਾ ਜਾਂ ਅਧੀਨ ਉਲਿਖਤ ਜ਼ਾਬਤੇ ਦੀ ਅਨੁਸਾਰਤਾ ਵਿੱਚ ਦਾਇਰ ਕੀਤੀ, ਚਾਲੂ ਰੱਖੀ ਜਾਂ ਨਾਫ਼ਜ਼ ਕੀਤੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

**ਡਿਸਕਲੇਮਰ:-** ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3852/10-2026/Pb. Govt. Press, S.A.S. Nagar*